Free Consultation
For Maximum Benefits, Big Settlement & Excellent Service, Call:
Tel: 416-918-9406, 905-696-7946 Toll Free: 1-877-254-2623
1450 Meyerside Dr., Suite #308, Mississauga, ON. L5T 2N5 Fax: 905-696-7953

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6



# ਸੰਪਾਦਕੀ

## ਅਧਿਆਪਕ, ਹੜਤਾਲਾਂ ਅਤੇ ਉਹਨਾਂ ਦੇ ਹੱਕ!

ਅਧਿਆਪਕਾਂ ਦੀ ਹੜਤਾਲ ਕਾਰਣ ਉੱਟੇਰੀਓ ਭਰ ਵਿੱਚ ਮਾਪਿਆਂ ਲਈ ਇੱਕ ਕਿਸਮ ਦਾ ਭੈਅ ਦਾ ਮਾਹੌਲ ਬਣਿਆ ਹੋਇਆ ਹੈ। ਇੱਕ ਪਾਸੇ ਸਰਕਾਰ ਹੈ ਜੋ ਉਹਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਅਤੇ ਦੂਜੇ ਪਾਸੇ ਅਧਿਆਪਕ ਹਨ ਜੋ ਸਮਝਦੇ ਹਨ ਕਿ ਸਰਕਾਰ ਦੇ ਗਲ ਅੰਗੂਠਾ ਦੇ ਕੇ ਆਪਣੇ ਲਈ ਜ਼ਿਆਦਾ ਤਨਖਾਹਾਂ ਦਾ ਰਾਹ ਖੋਲਣਾ ਉਹਨਾਂ ਦਾ ਜਨਮ ਸਿੱਧ ਅਧਿਕਾਰ ਹੈ। ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਉੱਟੇਰੀਓ ਦੇ 83,000 ਮੈਂਬਰ ਹਨ ਅਤੇ ਇਸਨੇ ਐਲਾਨ ਕੀਤਾ ਹੈ ਕਿ ਸੋਮਵਾਰ ਤੋਂ ਆਰੰਭ ਹੋਣ ਵਾਲੇ ਹਫ਼ਤੇ ਵਿੱਚ ਇਹ ਆਪਣੇ ਹੜਤਾਲ ਦੇ ਯੁੱਧ ਨੂੰ ਜਾਰੀ ਰੱਖੇਗੀ ਜਿਸ ਵਿੱਚ 11 ਫਰਵਰੀ ਨੂੰ ਪ੍ਰੋਵਿੰਸ ਭਰ ਵਿੱਚ ਹੜਤਾਲ ਦਾ ਦਿਨ ਮਨਾਉਣਾ ਸ਼ਾਮਲ ਹੈ। 13 ਫਰਵਰੀ ਨੂੰ ਪੀਲ ਬੋਰਡ ਸਮੇਤ 17 ਸਕੂਲ ਬੋਰਡਾਂ ਵਿੱਚ ਕੰਮ ਕਰਨ ਵਾਲੇ ਐਲੀਮੈਂਟਰੀ ਟੀਚਰਜ਼ ਯੂਨੀਅਨ ਦੇ ਮੈਂਬਰ ਹੜਤਾਲ ਉੱਤੇ ਹੋਣਗੇ।

ਰਤਾ ਸੋਚਿਆਂ ਜਾਵੇ ਤਾਂ ਕੀ ਬਾਰਡਰ ਸਿਕਿਉਰਿਟੀ, ਪੁਲੀਸ, ਫੂਡ ਇਨਸਪੈਕਸ਼ਨ, ਸਿਹਤ, ਕੈਨੇਡਾ ਰੈਵੇਨਿਊ ਏਜੰਸੀ, ਸੋਸ਼ਲ ਸਿਕਿਉਰਿਟੀ, ਕੌਮੀ ਸੁਰੱਖਿਆ ਆਦਿ ਲਈ ਜੁੰਮੇਵਾਰ ਮੁਲਾਜ਼ਮ ਅਤੇ ਉਹਨਾਂ ਦੀਆਂ ਯੂਨੀਅਨਾਂ ਹੜਤਾਲ ਕਰਨ ਦੀ ਗੱਲ ਸੋਚ ਸਕਦੀਆਂ ਹਨ? ਨਹੀਂ ਕਿਉਂਕਿ ਅਜਿਹੀਆਂ ਸੇਵਾਵਾਂ ਨੂੰ ਲਾਜ਼ਮੀ ਸੇਵਾਵਾਂ (essential services) ਐਲਾਨਿਆ ਜਾਂਦਾ ਹੈ ਜਿਹਨਾਂ ਦੀ ਗੈਰਮੌਜੂਦਗੀ ਵਿੱਚ ਜਨ-ਜੀਵਨ ਵਿੱਚ ਹੀ ਖੜੋਤ ਨਹੀਂ ਆਵੇਗੀ ਸਗੋਂ ਮੁਲਕ ਦਾ ਬੁਨਿਆਦੀ ਢਾਂਚਾ ਹੀ ਲੜਖੜਾ ਕੇ ਰਹਿ ਜਾਵੇਗਾ। ਜੇ ਹੜਤਾਲ ਦੇ ਹੱਕ ਦਾ ਜੀਵਨ ਦੇ ਸਮਾਜਿਕ ਪੱਖ ਨਾਲ ਮੁਕਾ-ਬਲਾ ਕਰਕੇ ਵੇਖੀਏ ਤਾਂ ਉੱਟੇਰੀਓ ਵਿੱਚ ਤਕਰੀਬਨ 21% ਬੱਚੇ ਗਰੀਬੀ ਤੋਂ ਹੇਠਲੀ ਰੇਖਾ ਵਿੱਚ ਰਹਿ ਰਹੇ ਪਰਿਵਾਰਾਂ ਵਿੱਚੋਂ ਆਉਂਦੇ ਹਨ। ਜਦੋਂ ਮੂਲਵਾਸੀ ਬੱਚਿਆਂ ਦੀ ਗੱਲ ਆਉਂਦੀ ਹੈ ਤਾਂ ਗਰੀਬੀ ਦੀ ਦਰ 51% ਹੈ। ਇੱਕਲੇ ਮਾਪਿਆਂ (ਇੱਕ ਪਿਤਾ ਜਾਂ ਇੱਕ ਮਾਤਾ ਭਾਵ single parents) ਦੀ ਪ੍ਰਵਰਿਸ਼ ਵਿੱਚ ਵੱਡੇ ਹੋਣ ਵਾਲੇ 42% ਬੱਚੇ ਗਰੀਬੀ ਵਿੱਚ ਜਿਉਂਦੇ ਹਨ। ਟੋਰਾਂਟੋ ਏਰੀਆ ਵਿੱਚ ਗਰੀਬ ਪਰਿਵਾਰਾਂ ਦੇ ਬੱਚਿਆਂ ਦਾ 62% ਉਹ ਹਨ ਜਿਹਨਾਂ ਦਾ ਸਬੰਧ ਰੰਗਦਾਰ ਭਾਵ ਬਲੈਕ, ਚੀਨੀ, ਸਾਊਥ ਏਸ਼ੀਅਨ ਅਤੇ ਹੋਰ ਰੰਗਦਾਰ ਕਮਿਉਨਿਟੀ ਨਾਲ ਹੈ। ਪੀਲ ਪਾਵਰਟੀ ਰੀਡਕਸ਼ਨ ਸਟਰੈਟਜੀ ਕਮੇਟੀ (Peel Poverty Reduction Strategy Committee) ਮੁਤਾਬਕ ਪੀਲ ਰੀਜਨ ਵਿੱਚ 0 ਤੋਂ 17 ਸਾਲ ਦੇ 18% ਬੱਚੇ ਗਰੀਬੀ ਭਰਿਆ ਜੀਵਨ ਬਿਤਾ ਰਹੇ ਹਨ ਜਦੋਂ ਕਿ ਬਾਲਗਾਂ ਵਿੱਚ 8% ਬੇਰੁਜ਼ਗਾਰੀ ਦੀ ਦਰ ਪਾਈ ਜਾਂਦੀ ਹੈ।

ਜਦੋਂ ਕਿਸੇ ਸਕੂਲ ਵਿੱਚ ਹੜਤਾਲ ਹੁੰਦੀ ਹੈ ਤਾਂ ਸੱਭ ਤੋਂ ਮਾੜਾ ਅਸਰ ਉਸ ਮਾਂ ਜਾਂ ਪਿਤਾ ਉੱਤੇ ਪੈਂਦਾ ਹੈ ਜੋ ਗਰੀਬ ਹੈ ਅਤੇ ਇੱਕਲਾ ਹੋਣ ਦੇ ਬਾਵਜੂਦ ਮੀਨੀਮਨ ਵੇਜ ਵਾਲੀ ਨੌਕਰੀ ਉੱਤੇ ਜਾਣਾ ਉਸਦਾ ਸ਼ੌਕ ਨਹੀਂ ਸਗੋਂ ਮਜਬੂਰੀ ਹੁੰਦੀ ਹੈ। ਉਹ ਆਪਣੇ ਬੱਚੇ ਨੂੰ ਕਿੱਥੇ ਛੱਡ ਕੇ ਜਾਵੇ? ਦੂਜੇ ਪਾਸੇ ਇੰਝ ਜਾਪਦਾ ਹੈ ਕਿ ਅਧਿਆਪਕ ਯੂਨੀਅਨਾਂ ਦਾ ਰਵਈਆ ਬੱਚਿਆਂ ਦੀ ਵਿੱਦਿਆ ਦੇ ਬਹਾਨੇ ਆਪਣੀਆਂ ਤਨਖਾਹਾਂ ਵਧਾਉਣ ਅਤੇ ਸਰਕਾਰ ਦੀ ਬਾਂਹ ਮਰੋੜਨ ਦੀ ਤਾਕਤ ਨੂੰ ਬਰਕਰਾਰ ਰੱਖਣਾ ਹੈ। ਇਹ ਸੋਚਣਾ ਭੁੱਲ ਹੋਵੇਗਾ ਕਿ ਅਧਿਆਪਕ ਸਿਰਫ਼ ਵਰਤਮਾਨ ਸਰਕਾਰ ਨਾਲ ਇੱਟ ਮੱਥਾ ਲੈ ਰਹੇ ਹਨ। ਅਧਿਆਪਕਾਂ ਦੇ ਚਹੇਤੇ ਪ੍ਰੀਮੀਅਰ ਡਾਲਟਨ ਮਗਿੰਟੀ ਨੂੰ 2012 ਵਿੱਚ ਯੂ ਟਿਊਬ ਉੱਤੇ ਜਾ ਕੇ ਜਨਤਕ ਰੂਪ ਵਿੱਚ ਇਹ ਆਖਣਾ ਪਿਆ ਸੀ ਕਿ ਪੈਸੇ ਬਚਾਉਣ ਦੀ ਖਾਤਰ ਅਧਿਆਪਕਾਂ ਦੇ ਲਾਭ ਅਤੇ ਸਿੱਕ ਡੇਅਜ਼ ਘੱਟ ਕੀਤੇ ਜਾ ਰਹੇ ਹਨ। ਉਸਤੋਂ ਬਾਅਦ ਜੋ ਹੜਤਾਲਾਂ ਦਾ ਸਿਲਸਿਲਾ ਆਰੰਭ ਹੋਇਆ ਸੀ, ਉਹ ਲਿਬਰਲ ਸਰਕਾਰ ਦੇ ਕੌੜੇ ਅਨੁਭਵਾਂ ਵਿੱਚੋਂ ਇੱਕ ਰਿਹਾ ਹੈ। ਮਾਪਿਆਂ ਨੂੰ 2015 ਦੇ ਉਹ ਦਿਨ ਚੇਤੇ ਹੋਣਗੇ ਜਦੋਂ ਸੈਕੰਡਰੀ ਸਕੂਲ ਅਧਿਆਪਕ ਵਿੱਦਿਆਰਥੀਆਂ ਨੂੰ ਬਿਹਤਰ ਵਿੱਦਿਆ ਦੇਣ ਦੇ ਨਾਮ ਉੱਤੇ 6 ਹਫਤੇ ਹੜਤਾਲ ਉੱਤੇ ਰਹੇ ਸਨ। ਲਿਬਰਲ ਸਰਕਾਰ ਨੂੰ ਮਜਬੂਰਤ 'ਬੈਕ ਟੂ ਵਰਕ' ਕਾਨੂੰਨ ਪਾਸ ਕਰਨਾ ਪਿਆ ਸੀ। ਸੁਭਾਵਿਕ ਹੈ ਕਿ ਅਧਿਆਪਕ ਯੂਨੀਅਨਾਂ ਨੇ ਉਸ ਕਾਨੂੰਨ ਨੂੰ ਪ੍ਰੀਮੀਅਰ ਕੈਥਲਿਨ ਵਿੱਨ ਦਾ 'ਤਾਨਾਸ਼ਾਹੀ' ਹੁਕਮ ਕਰਾਰ ਦਿੱਤਾ ਸੀ।

ਸੁਆਲ ਉੱਠਦਾ ਹੈ ਕਿ ਕੀ ਔਸਤਨ 80 ਹਜ਼ਾਰ ਡਾਲਰ ਤੋਂ ਵੱਧ ਸਾਲਾਨਾ ਕਮਾਉਣ ਵਾਲੇ ਅਧਿਆਪਕਾਂ ਨੂੰ ਮਾਪਿਆਂ ਲਈ ਹੜਤਾਲ ਕਰਕੇ ਮੁਸ਼ਕਲਾਂ ਖੜੀਆਂ ਕਰਨ ਦਾ ਹੱਕ ਹੋਣਾ ਚਾਹੀਦਾ ਹੈ ਜਾਂ ਨਹੀਂ? ਜੇ ਅਧਿਆਪਕਾਂ ਨੂੰ ਨਹੀ ਮਾਅਨਿਆਂ ਵਿੱਚ ਵਿੱਦਿਆਰਥੀਆਂ ਦੇ ਸੰਤੁਲਤ ਵਿਕਾਸ ਦਾ ਫਿਕਰ ਹੈ ਤਾਂ 8-10 ਸਾਲ ਦੇ ਬੱਚਿਆਂ ਨੂੰ ਪਿਕਟਿੰਗ ਉੱਤੇ ਕਿਉਂ ਲੈ ਕੇ ਜਾਂਦੇ ਹਨ? ਅਧਿਆਪਕ ਸਾਡੇ ਸਮਾਜ ਦਾ ਇੱਕ ਅਨਿੱਖੜਵਾਂ ਅੰਗ ਹਨ ਅਤੇ ਉਹਨਾਂ ਦੇ ਬੱਚਿਆਂ ਦੇ ਵਿਕਾਸ ਵਿੱਚ ਮਹੱਤਵਪੂਰਣ ਯੋਗਦਾਨ ਹੁੰਦਾ ਹੈ। ਇਸ ਹਕੀਕਤ ਦੇ ਮੱਦੇਨਜ਼ਰ ਇਸ ਵਿਸ਼ੇ ਉੱਤੇ ਗੰਭੀਰ ਵਿਚਾਰ ਕੀਤੇ ਜਾਣ ਦੀ ਲੋੜ ਹੈ ਕਿ ਅਧਿਆਪਕਾਂ ਦਾ ਹੜਤਾਲ ਕਰਨ ਦਾ ਹੱਕ ਕਿੰਨਾ ਕੁ ਵਾਜਬ ਹੈ?

## ਕੋਰੋਨਾਵਾਇਰਸ ਆਊਟਬ੍ਰੇਕ ਦਰਮਿਆਨ ਚੀਨ ਦੀ ਹੋਰ ਮਦਦ ਲਈ ਕੈਨੇਡਾ ਤਿਆਰ : ਟਰੂਡੋ

...ਪੰਨਾ 1 ਦਾ ਬਾਕੀ

ਦੁਨੀਆ ਭਰ ਵਿੱਚ ਕੋਰੋਨਾਇਰਸ ਕਾਰਨ 37,000 ਲੋਕ ਬਿਮਾਰ ਪੈ ਚੁੱਕੇ ਹਨ ਤੇ 800 ਤੋਂ ਵੀ ਵੱਧ ਮਾਰੇ ਜਾ ਚੁੱਕੇ ਹਨ। 2002-2003 ਵਿੱਚ ਫੈਲੀ ਸਾਰਸ ਵਰਗੀ ਮਹਾਮਾਰੀ ਕਾਰਨ ਮਰਨ ਵਾਲਿਆਂ ਦੀ ਗਿਣਤੀ ਨਾਲੋਂ ਵੀ ਇਹ ਅੰਕੜਾ ਟੱਪ ਚੁੱਕਿਆ ਹੈ। ਚੀਨ ਤੋਂ ਬਾਹਰ ਹੁਣ ਤੱਕ ਦੋ ਮੌਤਾਂ ਹੋ ਚੁੱਕੀਆਂ ਹਨ, ਇੱਕ ਹਾਂਗਕਾਂਗ ਵਿੱਚ ਤੇ ਦੂਜੀ ਫਿਲੀਪੀਨਜ਼ ਵਿੱਚ ਹੋਈ ਹੈ। ਕੈਨੇਡਾ ਵਿੱਚ ਵੀ ਕੋਰੋਨਾਵਾਇਰਸ ਦੇ ਸੱਤ ਕੇਸਾਂ ਦੀ ਪੁਸ਼ਟੀ ਹੋਈ ਹੈ। ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦੇ ਦੱਸਣ ਮੁਤਾਬਕ ਕੋਰੋਨਾਵਾਇਰਸ ਦੇ ਚਾਰ ਕੇਸ ਬ੍ਰਿਟਿਸ਼ ਕੋਲੰਬੀਆ ਵਿੱਚ ਤੇ ਤਿੰਨ ਓਨਟਾਰੀਓ ਵਿੱਚ ਪਾਏ ਗਏ ਹਨ। ਟਰੂਡੋ ਨਾਲ ਅਫਰੀਕਾ ਦੇ ਦੌਰੇ ਉੱਤੇ ਗਏ ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਦੱਸਿਆ ਕਿ ਚੀਨ ਤੋਂ ਕੈਨੇਡਾ ਪਰਤਣ ਲਈ ਜਿਨ੍ਹਾਂ ਹੋਰ ਕੈਨੇਡੀਅਨਾਂ ਵੱਲੋਂ ਅਪੀਲ ਕੀਤੀ ਗਈ ਸੀ ਉਨ੍ਹਾਂ ਨੂੰ ਲੈਣ ਲਈ ਦੂਜਾ ਜਹਾਜ਼ ਟ੍ਰੈਂਟਨ, ਓਨਟਾਰੀਓ ਤੋਂ ਐਤਵਾਰ ਸਵੇਰੇ ਹੀ ਰਵਾਨਾ ਹੋ ਚੁੱਕਿਆ ਹੈ।

## ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਬਾਰੇ ਬੇਅਰਡ ਵੀ ਕਰ ਰਹੇ ਹਨ ਵਿਚਾਰ

...ਪੰਨਾ 1 ਦਾ ਬਾਕੀ

ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਪਿਛਲੇ ਹਫਤੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਉਨ੍ਹਾਂ ਬੇਅਰਡ ਨਾਲ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਬਾਰੇ ਗੱਲ ਕੀਤੀ ਸੀ। ਕੇਨੀ ਨੇ ਬੇਅਰਡ ਨੂੰ ਤਜ਼ਰਬੇਕਾਰ, ਦੋ ਭਾਸ਼ਾਵਾਂ ਦੀ ਸਮਝ ਰੱਖਣ ਵਾਲਾ ਤੇ ਸਿਧਾਂਤਵਾਦੀ ਕੰਜ਼ਰਵੇਟਿਵ ਆਗੂ ਦੱਸਿਆ ਤੇ ਆਖਿਆ ਕਿ ਉਹ ਬਹੁਤ ਹੀ ਦਮਦਾਰ ਆਗੂ ਬਣਨਗੇ।
ਬੇਅਰਡ ਨੇ ਆਖਿਆ ਕਿ ਉਹ ਇਸ ਗੱਲ ਦੀ ਸ਼ਲਾਘਾ ਕਰਦੇ ਹਨ ਕਿ ਪ੍ਰੀਮੀਅਰ ਕੇਨੀ ਵੱਲੋਂ ਉਨ੍ਹਾਂ ਦੀ ਸਿਫਤ ਕੀਤੀ ਗਈ। ਉਨ੍ਹਾਂ ਆਖਿਆ ਕਿ ਸਾਰੇ ਕੰਜ਼ਰਵੇਟਿਵ ਕਾਰਕੁੰਨਾਂ ਵਾਂਗ ਹੀ ਉਹ ਵੀ ਆਪਣੇ ਪਰ ਤੋਲ ਰਹੇ ਹਨ ਪਰ ਉਨ੍ਹਾਂ ਅਜੇ ਤੱਕ ਇਸ ਸਬੰਧ ਵਿੱਚ ਕੋਈ ਫੈਸਲਾ ਨਹੀਂ ਕੀਤਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਤੱਕ ਬੇਅਰਡ ਪਿਏਰੇ ਪੋਈਲੀਵਰ ਦੀ ਲੀਡਰਸ਼ਿਪ ਕੈਂਪੇਨ ਦੀ ਚੇਅਰਿੰਗ ਕਰ ਰਹੇ ਸਨ, ਫਿਰ ਉਨ੍ਹਾਂ ਵੱਲੋਂ ਆਪਣਾ ਨਾਂ ਵਾਪਿਸ ਲੈ ਲਏ ਜਾਣ ਤੋਂ ਬਾਅਦ ਬੇਅਰਡ ਵਿਹਲੇ ਹੋ ਗਏ।

## ਕੁਵੈਤ ਵਿੱਚ ਕੈਨੇਡੀਅਨ ਸੈਨਿਕਾਂ ਨਾਲ ਮੁਲਾਕਾਤ ਕਰਨਗੇ ਟਰੂਡੋ

...ਪੰਨਾ 1 ਦਾ ਬਾਕੀ

ਜਿਨ੍ਹਾਂ ਇਰਾਕੀ ਟਿਕਾਣਿਆਂ ਉੱਤੇ ਇਰਾਨ ਵੱਲੋਂ ਮਿਜ਼ਾਈਲਾਂ ਦਾਗੀਆਂ ਗਈਆਂ ਉਨ੍ਹਾਂ ਵਿੱਚ ਕੈਨੇਡੀਅਨ ਸੈਨਿਕ ਵੀ ਮੌਜੂਦ ਸਨ ਪਰ ਉਸ ਹਮਲੇ ਵਿੱਚ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ।
ਕੁਵੈਤ ਦੇ ਦੌਰੇ ਦੌਰਾਨ ਟਰੂਡੋ ਪ੍ਰਧਾਨ ਮੰਤਰੀ ਸਾਬਾਹ ਅਲ ਖਾਲਿਦ ਅਲ ਸਾਬਾਹ ਨਾਲ ਵੀ ਮੁਲਾਕਾਤ ਕਰਨਗੇ। ਕੁਵੈਤ ਦਾ ਇਹ ਦੌਰਾ ਟਰੂਡੋ ਦੇ ਅਫਰੀਕਾ ਤੇ ਜਰਮਨੀ ਦੇ ਹਫਤਾ ਭਰ ਚੱਲਣ ਵਾਲੇ ਦੌਰੇ ਦੇ ਹਿੱਸੇ ਵਜੋਂ ਹੀ ਪਲੈਨ ਕੀਤਾ ਗਿਆ ਸੀ ਪਰ ਸੁਰੱਖਿਆ ਕਾਰਨਾਂ ਕਰਕੇ ਇਸ ਦਾ ਐਲਾਨ ਨਹੀਂ ਕੀਤਾ ਗਿਆ। ਕੁਵੈਤ ਵਿੱਚ ਪੜਾਅ ਤੋਂ ਬਾਅਦ ਟਰੂਡੋ ਸੈਨੇਗਲ ਤੇ ਮਿਊਨਿਖ ਵੀ ਜਾਣਗੇ।

## ਨਵਾਬ ਦਾ ਸਟਰਾਂਗ ਰੂਮ: ਜਰਮਨ ਸਟੀਲ ਨਾਲ ਬਣੀ ਤਿਜੌਰੀ ਟੁੱਟਦੀ ਹੀ ਨਹੀਂ

ਰਾਮਪੁਰ, 9 ਫਰਵਰੀ (ਪੋਸਟ ਬਿਊਰੋ)- ਰਾਜਾ-ਮਹਾਰਾਜਿਆਂ ਦੇ ਦੌਰ ਵਿੱਚ ਸ਼ਾਹੀ ਖਜ਼ਾਨੇ ਦੀ ਸੁਰੱਖਿਆ ਲਈ ਕਿੰਨੇ ਯਤਨ ਕੀਤੇ ਜਾਂਦੇ ਸਨ, ਇਸ ਦਾ ਪਤਾ ਉਤਰ ਪ੍ਰਦੇਸ਼ ਦੇ ਰਾਮਪੁਰ ਵਿੱਚ ਨਵਾਬ ਮਿੱਕੀ ਮੀਆਂ ਦੇ ਖਾਨਦਾਨ ਦੇ ਸਟਰਾਂਗ ਰੂਮ ਤੋਂ ਲੱਗਦਾ ਹੈ। ਇਸ ਸਟਰਾਂਗ ਰੂਮ ਦੀ ਬਾਹਰੀ ਦੀਵਾਰ ਵਿੱਚ ਚਾਰ ਗੁਣਾ ਸੱਤ ਫੁੱਟ ਦਾ ਦਰਵਾਜ਼ਾ ਹੈ, ਪਰ ਉਸ ਦੀ ਚਾਬੀ ਗੁਆਚ ਜਾਣ ਕਾਰਨ ਇਸ ਨੂੰ ਖੋਲ੍ਹਣ ਲਈ ਕੱਟਿਆ ਜਾ ਰਿਹਾ ਹੈ।
ਅੱਜ ਦੇ ਆਧੁਨਿਕ ਸਮੇਂ ਵਿੱਚ ਤਿੰਨ ਦਿਨ ਦੇ ਯਤਨਾਂ ਦੇ ਬਾਅਦ ਵੀ ਸਟੀਲ ਨਾਲ ਬਣੇ ਸਟਰਾਂਗ ਰੂਮ ਦੀ ਬਾਹਰੀ ਦੀਵਾਰ ਦੀਆਂ ਤਿੰਨ ਪਰਤਾਂ ਹੀ ਕੱਟੀਆਂ ਜਾ ਸਕੀਆਂ ਹਨ। ਇਸ ਦੇ ਬਾਅਦ ਲਾਕਰ ਦਾ ਦਰਵਾਜ਼ਾ ਦਿਸ ਰਿਹਾ ਹੈ, ਪਰ ਉਸ ਦੀ ਵੀ ਚਾਬੀ ਗੁਆਚ ਜਾਣ ਕਾਰਨ ਉਸ ਨੂੰ ਕੱਟਣਾ ਪਵੇਗਾ। ਕੱਟਣ ਦਾ ਕੰਮ ਇਹ ਜਾਨਣ ਲਈ ਰੋਕ ਦਿੱਤਾ ਗਿਆ ਹੈ ਕਿ ਆਖਰ ਇਸ ਦੇ ਲਈ ਯੋਗ ਤਰੀਕਾ ਕੀ ਅਪਣਾਇਆ ਜਾਏ।
ਪੰਜ ਮਹੀਨੇ ਪਹਿਲਾਂ ਸੁਪਰੀਮ ਕੋਰਟ ਨੇ ਸ਼ਰੀਅਤ ਦੇ ਹਿਸਾਬ ਨਾਲ ਇਸ ਖਾਨਦਾਨ ਦੀ ਜਾਇਦਾ ਦਾ ਬਟਵਾਰਾ ਕਰਨ ਦੇ ਹੁਕਮ ਦਿੱਤੇ ਸਨ। ਨਵਾਬ ਖਾਨਦਾਨ ਦੀ ਕੋਠੀ ਖਾਸ ਬਾਗ ਦਾ ਵੀ ਸਰਵੇ ਕੀਤਾ ਜਾ ਰਿਹਾ ਹੈ। ਇਸੇ ਕੋਠੀ ਵਿੱਚ ਖਾਨਦਾਨ ਦਾ ਸਟਰਾਂਗ ਰੂਮ ਹੈ, ਜਿਸ ਵਿੱਚ ਸ਼ਾਹੀ ਖਜ਼ਾਨਾ ਹੈ। ਨਵਾਬ ਖਾਨਦਾਨ ਦੀ ਰਾਮਪੁਰ ਦੇ ਕੋਠੀ ਖਾਸ ਬਾਗ ਵਿੱਚ ਵਿਚਲੇ ਸਟਰਾਂਗ ਰੂਮ ਦੀ ਬਾਹਰੀ ਦੀਵਾਰ ਦੀ ਚੌੜਾਈ-ਉਚਾਈ ਕਰੀਬ 20 ਗੁਣਾ 20 ਫੁੱਟ ਹੈ। ਨਵਾਬ ਖਾਨਦਾਨ ਦੀ ਨੂੰਹ ਨੂਰਬਾਨੋ ਨੇ ਦੱਸਿਆ ਕਿ 1930 ਵਿੱਚ ਉਸ ਦੇ ਸਹੁਰੇ ਨਵਾਬ ਰਜ਼ਾ ਅਲੀ ਖਾਨ ਦੇ ਪਿਤਾ ਨਵਾਬ ਹਾਮਿਦ ਅਲੀ ਖਾਨ ਦੀ ਕੋਠੀ ਖਾਸ ਬਾਗ ਬਣਵਾਇਆ ਤਾਂ ਓਦੋਂ ਸਟਰਾਂਗ ਰੂਮ ਬਣਿਆ ਸੀ। ਇਸ ਵਿੱਚ ਸ਼ਾਹੀ ਖਜ਼ਾਨਾ ਰਹਿੰਦਾ ਸੀ, ਇਸ ਲਈ ਬੇਹੱਦ ਮਜ਼ਬੂਤ ਬਣਾਇਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਸਟਰਾਂਗ ਰੂਮ ਨੂੰ ਬਣਾਉਣ ਦੇ ਲਈ ਲੰਡਨ ਦੀਆਂ ਛੇ ਕੰਪਨੀਆਂ ਦੇ ਇੰਜੀਨੀਅਰ ਰਾਮਪੁਰ ਆਏ ਸਨ। ਇਸ ਵਿੱਚ ਜਰਮਨੀ ਦੀ ਉਸ ਸਟੀਲ ਦਾ ਇਸਤੇਮਾਲ ਕੀਤਾ ਗਿਆ, ਜਿਸ ਨਾਲ ਫੌਜ ਦੇ ਟੈਂਕ ਬਣਾਏ ਜਾਂਦੇ ਹਨ।
ਨੂਰਬਾਨੋ ਦਾ ਦਾਅਵਾ ਹੈ ਕਿ ਸਟਰਾਂਗ ਰੂਮ ਉਤੇ ਬੰਬ ਵੀ ਡਿੱਗਣ ਤਾਂ ਇਸ 'ਤੇ ਕੋਈ ਅਸਰ ਨਹੀਂ ਹੋਵੇਗਾ। ਇਸ ਦੀਵਾਰ ਵਿੱਚ 16-16 ਐੱਮ ਐੱਮ ਧਾਤੂ ਦੀਆਂ ਤਿੰਨ ਪਰਤਾਂ ਹਨ। ਇਸ ਵਿੱਚ ਚਾਰ ਗੁਣਾ ਸੱਤ ਫੁੱਟ ਦਾ ਇੱਕ ਦਰਵਾਜ਼ਾ ਹੈ। ਕੱਟਣ ਦੇ ਦੌਰਾਨ ਮਿਲੇ ਮਿਸ਼ਰਣ ਵਿੱਚ ਲੋਹੇ ਦੇ ਮਹੀਨ ਟੁਕੜਿਆਂ ਨੂੰ ਜਾਂਚ ਲਈ ਗੁਰੂਗਰਾਮ ਭੇਜਿਆ ਹੈ ਤਾਂ ਕਿ ਪਤਾ ਲੱਗ ਸਕੇ ਕਿ ਇਸ ਵਿੱਚ ਕਿਹੜੀ-ਕਿਹੜੀ ਧਾਤੂ ਹੈ। ਪਤਾ ਲੱਗਾ ਹੈ ਕਿ ਇਹ ਮੈਟੇਲਿਕ ਮਿਕਸਚਰ ਦਾ ਬਣਿਆ ਹੈ, ਜਿਸ ਵਿੱਚ ਅਲਾਏ ਸਟੀਲ ਸ਼ਾਮਲ ਹੈ। ਇਸ ਨੂੰ ਗੈਸ ਕਟਰ ਨਾਲ ਕੱਟਣ ਵਿੱਚ ਵੀ ਦਿੱਕਤ ਆਉਂਦੀ ਹੈ।

## ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਅਗਵਾਈ ਲਈ ਮੁਸਲਿਮ ਆਗੂ ਅਕਾਲ ਤਖ਼ਤ ਵਿਖੇ ਪਹੁੰਚੇ

ਅੰਮ੍ਰਿਤਸਰ, 9 ਫਰਵਰੀ (ਪੋਸਟ ਬਿਊਰੋ)- ਸੰਗਰੂਰ ਜ਼ਿਲ੍ਹੇ ਦੇ ਅਹਿਮਦਗੜ੍ਹ ਕਸਬੇ ਤੋਂ ਮੁਸਲਿਮ ਭਾਈਚਾਰ ਦੀ ਸਾਂਝੀ ਐਕਸ਼ਨ ਕਮੇਟੀ ਦਾ ਇੱਕ ਵਫ਼ਦ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੁੱਜਾ ਅਤੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ੍ਰੀ ਅਕਾਲ ਤਖ਼ਤ ਤੋਂ ਅਗਵਾਈ ਕਰਨ ਦੀ ਮੰਗ ਲਈਪੱਤਰ ਸੌਂਪਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਪਲਾਜ਼ਾ ਵਿਖੇ ਸਮੂਹਿਕ ਤੌਰ ਅਤੇ ਜੁੰਮੇ ਦੀ ਨਮਾਜ਼ ਵੀ ਅਦਾ ਕੀਤੀ। ਮਸਲਿਮ ਆਗੂ ਫੁਰਕਾਨ ਅਹਿਮਦ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਹਰ ਫ਼ੈਸਲਾ ਦੁਨੀਆ ਭਰ 'ਚ ਵਸਦੇ ਸਿੱਖਾਂ ਲਈ ਬਹੁਤ ਭਰੋਸੇਯੋਗ ਤੇ ਕਾਬਲੇ ਕਾਬੂਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਨਾਗਰਿਕਤਾ ਸੋਧ ਕਾਨੂੰਨ ਦੋ ਫਿਰਕਿਆਂ ਵਿੱਚ ਨਫ਼ਤਰਤ ਅਤੇ ਦੂਰੀ ਲਿਆਉਣ ਲਈ ਲਿਆਂਦਾ ਗਿਆ ਹੈ। ਉਨ੍ਹਾਂ ਬੇਨਤੀ ਕੀਤੀ ਕਿ ਅਕਾਲ ਤਖ਼ਤ ਸਾਹਿਬ ਤੋਂ ਆਪਣਾ ਪੱਖ ਦੱਸ ਕੇ ਸਮੁੱਚੇ ਸਿੱਖ ਭਾਈਚਾਰੇ ਨੂੰ ਇਸ ਕਾਨੂੰਨ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਸੇਧ ਦਿੱਤੀ ਜਾਵੇ। ਇਸ ਦੌਰਾਨ ਮੁਸਲਿਮ ਭਾਈਚਾਰੇ ਨਾਲ ਸਬੰਧਿਤ ਲੋਕਾਂ ਨੇ ਬੋਲੋ ਸੋ ਨਿਹਾਲ ਦੇ ਜੈਕਾਰੇ ਵੀ ਲਾਏ। ਇਸ ਭਾਈਚਾਰੇ ਦੇ ਲੋਕਾਂ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਵਿਖੇ ਮੱਥਾ ਟੇਕਿਆ ਤੇ ਗੁਰੂ ਕਾ ਲੰਗਰ ਛਕਿਆ। ਇਸ ਤੋਂ ਬਾਅਦ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਪਲਾਜ਼ਾ ਵਿਖੇ ਸਮੂਹਿਕ ਤੌਰ 'ਤੇ ਜੁੰਮੇ ਦੀ ਨਮਾਜ਼ ਅਦਾ ਕੀਤੀ।

## ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ 19 ਫਰਵਰੀ ਤੱਕ ਟਲ਼ੀ

ਫਰੀਦਕੋਟ, 9 ਫਰਵਰੀ (ਪੋਸਟ ਬਿਊਰੋ)- ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਬਾਰੇ ਕੱਲ੍ਹ ਅਦਾਲਤ ਵਿੱਚ ਸੁਣਵਾਈ ਹੋਣੀ ਸੀ, ਪਰ ਸੈਸ਼ਨ ਜੱਜ ਦੇ ਨਾ ਹੋਣ ਕਾਰਨ ਕਾਰਜਕਾਰੀ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਨੇ ਇਸ ਦੀ ਅਗਲੀ ਪੇਸ਼ੀ 19 ਫਰਵਰੀ 'ਤੇ ਪਾ ਦਿੱਤੀ ਹੈ। ਅਦਾਲਤ ਵਿੱਚ ਸੁਣਵਾਈ ਵੇਲੇ ਸਾਬਕਾ ਪਾਰਲੀਮੈਂਟਰੀ ਸਕੱਤਰ ਮਨਤਾਰ ਸਿੰਘ ਬਰਾੜ, ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ, ਐਸ ਪੀ ਬਲਜੀਤ ਸਿੰਘ ਸਿੱਧੂ ਅਤੇ ਐਸ ਪੀ ਪਰਮਜੀਤ ਸਿੰਘ ਹਾਜ਼ਰ ਸਨ। ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਕੱਲ੍ਹ ਅਦਾਲਤ ਵਿੱਚ ਪੇਸ਼ ਨਹੀਂ ਹੋਏ, ਅਦਾਲਤ ਨੇ ਕੱਲ੍ਹ ਵਾਸਤੇ ਉਨ੍ਹਾਂ ਨੂੰ ਪੇਸ਼ੀ ਤੋਂ ਛੋਟ ਦਿੱਤੀ ਸੀ। ਵਿਸ਼ੇਸ਼ ਜਾਂਚ ਟੀਮ ਨੇ ਦਾਅਵਾ ਕੀਤਾ ਸੀ ਕਿ ਉਹ ਬਹਿਬਲ ਗੋਲੀ ਕਾਂਡ ਵਿੱਚ ਚੌਥੀ ਚਾਰਜਸ਼ੀਟ ਦਾਇਰ ਕਰਨ ਵਾਲੇ ਹਨ, ਜਿਸ ਵਿੱਚ ਉਚ ਪੁਲਸ ਅਧਿਕਾਰੀਆਂ ਦੇ ਨਾਮ ਸ਼ਾਮਲ ਹਨ ਪਰ ਵਿਸ਼ੇਸ਼ ਜਾਂਚ ਟੀਮ ਨੇ ਕੱਲ੍ਹ ਇਸ ਦਾਅਵੇ ਦੇ ਬਾਵਜੂਦ ਅਦਾਲਤ ਵਿੱਚ ਨਵੀਂ ਚਾਰਜੀਸ਼ਟ ਦਾਇਰ ਨਹੀਂ ਕੀਤੀ। ਸੈਸ਼ਨ ਜੱਜ ਦੀ ਬਦਲੀ ਹੋਣ ਕਾਰਨ ਇਸ ਕੇਸ ਵਿੱਚ ਪਿਛਲੇ ਤਿੰਨ ਮਹੀਨਿਆਂ ਤੋਂ ਕੋਈ ਪ੍ਰਗਤੀ ਨਹੀਂ ਹੋ ਸਕੀ। ਬਹਿਬਲ ਗੋਲੀ ਕਾਂਡ ਦੇ ਮੁੱਖ ਗਵਾਹ ਹਾਕਮ ਸਿੰਘ ਸੇਖੋਂ, ਗੁਰਦਿੱਤ ਸਿੰਘ, ਅੰਗਰੇਜ਼ ਸਿੰਘ, ਬਲਕਰਨ ਸਿੰਘ, ਗੁਰਪ੍ਰੀਤ ਸਿੰਘ, ਬਰਮਾ ਸਿੰਘ, ਰਣਜੀਤ ਸਿੰਘ ਅਤੇ ਬੇਅੰਤ ਸਿੰਘ ਆਦਿ ਨੇ ਇੱਕ ਦਿਨ ਪਹਿਲਾਂ ਹੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਸੀ ਕਿ ਬਹਿਬਲ ਗੋਲੀ ਕਾਂਡ ਮਾਮਲੇ ਦੀ ਪਹਿਲ ਦੇ ਆਧਾਰ 'ਤੇ ਸੁਣਵਾਈ ਕੀਤੀ ਜਾਵੇ ਤਾਂ ਜੋ ਪੀੜਤਾਂ ਨੂੰ ਇਨਸਾਫ਼ ਮਿਲ ਸਕੇ। ਉਨ੍ਹਾਂ ਦੋਸ਼ ਲਾਇਆ ਸੀ ਕਿ ਇਸ ਮਾਮਲੇ 'ਤੇ ਸਿਆਸਤਦਾਨ ਆਪਣੀਆਂ ਰੋਟੀਆਂ ਸਕੇ ਰਹੇ ਹਨ।

## ਭਾਰਤ ਨੇ ਤੁਰਕੀ ਰੇਡੀਓ ਅਤੇ ਟੀ ਵੀ ਦੇ ਪ੍ਰੋਗਰਾਮ ਵਿਖਾਉਣ ਉਤੇ ਪਾਬੰਦੀ ਲਾਈ

ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਇੱਕ ਪੱਤਰ ਜਾਰੀ ਕਰਕੇ ਦੇਸ਼ 'ਚ ਕੇਬਲ ਟੈਲੀਵਿਜ਼ਨ ਰਾਹੀਂ ਦੇਸ਼ 'ਚ ਤੁਰਕਿਸ਼ ਰੇਡੀਓ ਅਤੇ ਟੀ ਵੀ ਏਜੰਸੀ ਦੇ ਪ੍ਰੋਗਰਾਮ ਵਿਖਾਉਣ 'ਤੇ ਪਾਬੰਦੀ ਲਾ ਦਿੱਤੀ ਹੈ।
ਇਸ ਸਬੰਧ ਵਿੱਚ ਜਾਰੀ ਪੱਤਰ ਅਨੁਸਾਰ ਕੇਬਲ ਟੀ ਵੀ ਐਕਟ-1995 ਦੀ ਧਾਰਾ-5 ਮੁਤਾਬਕ ਬਿਨਾਂ ਪ੍ਰੋਗਰਾਮ ਕੋਡ ਤੋਂ ਕੋਈ ਵੀ ਵਿਅਕਤੀ ਕੇਬਲ ਸਰਵਿਸ ਵੱਲੋਂ ਪ੍ਰਸਾਰਨ ਨਹੀਂ ਕਰੇਗਾ। ਕੇਬਲ ਟੀ ਵੀ ਨੈਟਵਰਕ 1994 ਦੇ ਰੂਲ-6 ਮੁਤਾਬਕ ਬਿਨਾਂ ਪ੍ਰੋਗਰਾਮ ਕੋਡ ਤੋਂ ਵਰਜਿਤ ਸਮੱਗਰੀ ਪ੍ਰਸਾਰਤ ਨਹੀਂ ਕੀਤੀ ਜਾ ਸਕਦੀ। ਇਸ ਤੋਂ ਇਲਾਵਾ ਕੇਬਲ ਟੀ ਵੀ ਨੈਟਵਰਕ ਦੇ ਸਬ ਰੂਲ (6) ਮੁਤਾਬਕ ਕੋਈ ਵੀ ਕੇਬਲ ਆਪ੍ਰੇਟਰ ਆਪਣੀ ਕੇਬਲ ਸਰਵਿਸ 'ਚ ਉਹ ਚੈਨਲ ਸ਼ਾਮਲ ਨਹੀਂ ਕਰ ਸਕਦਾ, ਜਿਹੜਾ ਕੇਂਦਰ ਸਰਕਾਰ ਕੋਲ ਰਜਿਸਟਰ ਨਾ ਹੋਵੇ। ਭਾਰਤ ਸਰਕਾਰ ਦੇ ਕੇਬਲ ਐਕਟ ਦੇ ਸੈਕਸ਼ਨ-2 ਮੁਤਾਬਕ ਅਧਿਕਾਰਤ ਅਫਸਰ ਆਪਣੇ ਅਧਿਕਾਰ ਖੇਤਰ ਵਿੱਚ ਜ਼ਿਲ੍ਹਾ ਮੈਜਿਸਟਰੇਟ, ਸਬ-ਡਵੀਜ਼ਨ




ਮੈਜਿਸਟਰੇਟ ਜਾਂ ਕਮਿਸ਼ਨਰ ਆਫ ਪੁਲਸ ਹੋਵੇਗਾ। ਇਸ ਤੋਂ ਇਲਾਵਾ 7 ਮਾਰਚ 2016 ਦੇ ਗਜ਼ਟਿਡ ਨੋਟੀਫਿਕੇਸ਼ਨ ਨੰਬਰ 589 ਮੁਤਾਬਕ ਵਧੀਕ ਜ਼ਿਲ੍ਹਾ ਮੈਜਿਸਟਰੇਟ ਨੂੰ ਅਧਿਕਾਰਤ ਅਫਸਰ ਐਲਾਨਿਆ ਗਿਆ ਹੈ। ਜਾਰੀ ਪੱਤਰ ਅਨੁਸਾਰ ਕੋਈ ਵੀ ਟੀ ਵੀ ਚੈਨਲ, ਜਿਸ ਨੂੰ ਕੇਂਦਰ ਮੰਤਰਾਲੇ ਦੀ ਆਗਿਆ ਨਾ ਮਿਲੀ ਹੋਵੇ, ਉਹ ਕਿਸੇ ਸੂਬੇ ਵਿੱਚ ਨਾ ਦਿਖਾਵੇ। ਇਸ ਤੋਂ ਇਲਾਵਾ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਜੇਕਰ ਕੋਈ ਕੇਬਲ ਆਪਰੇਟਰ ਇਸ ਦੀ ਉਲੰਘਣਾ ਕਰਦਾ ਹੈ ਤਾਂ ਅਧਿਕਾਰਤ ਅਫਸਰ ਉਸ ਵਿਰੁੱਧ ਬਣਦੀ ਕਾਰਵਾਈ ਤੁਰੰਤ ਅਮਲ 'ਚ ਲਿਆਉਣ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕੇਂਦਰੀ ਜੇਲ੍ਹ ਵਿੱਚੋਂ ਭੱਜੇ ਦੋ ਹਵਾਲਾਤੀ ਗ੍ਰਿਫ਼ਤਾਰ

ਅੰਮ੍ਰਿਤਸਰ, 8 ਫਰਵਰੀ (ਪੋਸਟ ਬਿਊਰੋ)- ਸਥਾਨਕ ਕੇਂਦਰੀ ਜੇਲ੍ਹ 'ਚ ਸੰਨ੍ਹ ਲਾ ਕੇ ਫਰਾਰ ਹੋਏ ਤਿੰਨ ਹਵਾਲਾਤੀਆਂ 'ਚੋਂ ਕੱਲ੍ਹ ਪੁਲਸ ਨੇ ਦੋ ਹਵਾਲਾਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਕੀਤੇ ਦੋ ਜਣਿਆਂ ਦੀ ਪਛਾਣ ਜਰਨੈਲ ਸਿੰਘ ਤੇ ਗੁਰਪ੍ਰੀਤ ਸਿੰਘ ਦੋ ਸਕੇ ਭਰਾਵਾਂ ਵਜੋਂ ਹੋਈ ਹੈ। ਇਨ੍ਹਾਂ ਵਿੱਚੋਂ ਜਰਨੈਲ ਸਿੰਘ ਨੂੰ ਬੀਤੀ ਰਾਤ ਆਨੰਦਪੁਰ ਦੇ ਬੱਸ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਦੀ ਪੁੱਛ-ਪੜਤਾਲ ਮਗਰੋਂ ਉਸ ਦੇ ਭਰਾ ਗੁਰਪ੍ਰੀਤ ਸਿੰਘ ਗੋਪੀ ਨੂੰ ਤਰਨ ਤਾਰਨ ਦੇ ਥਾਣਾ ਸਰਹਾਲੀ ਦੇ ਪਿੰਡ ਜੌੜਾ ਤੋਂ ਫੜਿਆ ਹੈ, ਉਹ ਸ਼ਮਸ਼ੇਰ ਸਿੰਘ ਸ਼ੇਰਾ ਦੇ ਘਰ ਲੁਕਿਆ ਹੋਇਆ ਸੀ। ਮਿਲੀ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ, ਜਰਨੈਲ ਸਿੰਘ ਅਤੇ ਵਿਸ਼ਾਲ ਤਿੰਨ ਹਵਾਲਾਤੀ 12 ਫਰਵਰੀ ਰਾਤ ਨੂੰ ਬੈਰਕ ਵਿੱਚ ਸੰਨ੍ਹ ਲਾ ਕੇ ਫਰਾਰ ਹੋ ਗਏ ਸਨ। ਇਸ ਮਾਮਲੇ ਵਿੱਚ ਤਿੰਨ ਕਰਮਚਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਚਾਰ ਸਸਪੈਂਡ ਕੀਤੇ ਗਏ ਹਨ, ਜਿਨ੍ਹਾਂ ਵਿੱਚ ਦੋ ਸਹਾਇਕ ਜੇਲ੍ਹ ਸੁਪਰਡੈਂਟ ਵੀ ਹਨ। ਪੁਲਸ ਕਮਿਸ਼ਨਰ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਜੇਲ੍ਹ 'ਚੋਂ ਫਰਾਰ ਹੋਏ ਇਨ੍ਹਾਂ ਤਿੰਨ ਜਣਿਆਂ ਦੀ ਗ੍ਰਿਫ਼ਤਾਰੀ ਲਈ ਪੁਲਸ ਵੱਲੋਂ ਛਾਪੇ ਮਾਰੇ ਜਾ ਰਹੇ ਹਨ। ਕੱਲ੍ਹ ਰਾਤ ਜਰਨੈਲ ਸਿੰਘ ਨੂੰ ਆਨੰਦਪੁਰ ਦੇ ਬੱਸ ਅੱਡੇ ਤੋਂ ਫੜਿਆ ਅਤੇ ਦੀ ਪੁੱਛ-ਪੜਤਾਲ ਮਗਰੋਂ ਉਸ ਦੇ ਭਰਾ ਗੁਰਪ੍ਰੀਤ ਸਿੰਘ ਨੂੰ ਪਿੰਡ ਜੌੜਾ ਵਿੱਚੋਂ ਗ੍ਰਿਫ਼ਤਾਰ ਕੀਤਾ ਹੈ। ਉਸ ਨੂੰ ਪਨਾਹ ਅਤੇ ਮਾਲੀ ਮਦਦ ਦੇਣ ਦੇ ਦੋਸ਼ ਹੇਠ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਅਤੇ ਕਰਨੈਲ ਸਿੰਘ ਉਰਫ ਕਰਨਲ ਨੂੰ ਵੀ ਫੜਿਆ ਗਿਆ ਹੈ। ਇਸ ਤੋਂ ਪਹਿਲਾਂ ਜਰਨੈਲ ਸਿੰਘ ਅਤੇ ਗੁਰਪ੍ਰੀਤ ਦੀ ਭੈਣ ਪਰਮਜੀਤ ਕੌਰ ਅਤੇ ਉਸ ਦੇ ਰਿਸ਼ਤੇਦਾਰ ਸੁਖਵਿੰਦਰ ਸਿੰਘ ਨੂੰ ਪਨਾਹ ਦੇਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਪੁਲਸ ਨੇ ਸ਼ਮਸ਼ੇਰ ਸਿੰਘ ਦੇ ਘਰ ਛਾਪਾ ਮਾਰਿਆ ਤਾਂ ਗ੍ਰਿਫ਼ਤਾਰੀ ਤੋਂ ਬਚਣ ਲਈ ਗੁਰਪ੍ਰੀਤ ਸਿੰਘ ਨੇ ਪੁਲਸ 'ਤੇ ਕੋਈ ਗਰਮ ਤਰਲ ਪਦਾਰਥ ਸੁੱਟਿਆ, ਜਿਸ ਨਾਲ ਇੱਕ ਸਿਪਾਹੀ ਜ਼ਖ਼ਮੀ ਹੋ ਗਿਆ। ਇਸ ਦੌਰਾਨ ਉਸ ਨੇ ਬਚਣ ਲਈ ਛੱਤ ਤੋਂ ਛਾਲ ਮਾਰ ਦਿੱਤੀ, ਜਿੱਥੇ ਇੱਟਾਂ ਦਾ ਢੇਰ ਸੀ ਅਤੇ ਉਸ ਨੂੰ ਸੱਟਾਂ ਲਗੀਆਂ ਹਨ। ਉਸ ਨੂੰ ਵੀ ਇਲਾਜ ਲਈ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ।
















# ਅੰਡੇਮਾਨ ਨਿਕੋਬਾਰ ਟਾਪੂਆਂ ਦਾ ਪੰਜਾਬ ਨਾਲ ਸਬੰਧ

-ਡਾ. ਸ.ਸ. ਛੀਨਾ-

ਅੰਡੇਮਾਨ, ਨਿਕੋਬਾਰ ਜਾ ਕਾਲੇ ਪਾਣੀ ਦਾ ਜਿਕਰ ਹਰ ਪੰਜਾਬੀ ਬਚਪਨ ਤੋ ਹੀ ਸੁਣਦਾ ਰਿਹਾ ਹੈ ਇਥੋ ਤਕ ਕਿ ਬਹੁਤ ਸਾਰੇ ਲੋਕ ਗੀਤਾਂ ਅਤੇ ਕਹਾਣੀਆਂ ਵਿਚ ਕਾਲੇ ਪਾਣੀ ਦਾ ਜਿਕਰ ਆਉਦਾ ਰਿਹਾ ਹੈ। ਇੰਨਾਂ ਟਾਪੂਆਂ ਦਾ ਦੇਸ਼ ਦੀ ਸੁਤੰਤਰਤਾ ਦੀ ਲੜਾਈ ਨਾਲ ਵੀ ਸਬੰਧ ਰਿਹਾ ਹੈ ਕਿਉ ਜੋ ਵਡੀ ਗਿਣਤੀ ਵਿਚ ਸੁਤੰਤਰਤਾ ਸੈਨਾਨੀਆਂ ਨੂੰ ਸਜਾ ਕਟਣ ਲਈ ਇਥੇ ਬਣੀ ਸੈਲੂਲਰ ਜੇਲ ਵਿਚ ਭੇਜਿਆ ਜਾਦਾਂ ਰਿਹਾ ਹੈ। ਉਸ ਤਰ੍ਹਾਂ ਵੀ ਬੜੇ ਗੰਭੀਰ ਅਪਰਾਧੀਆਂ ਨੂੰ ਇਸ ਜੇਲ ਵਿਚ ਅਤੇ ਕਾਲੇ ਪਾਣੀ ਦੇ ਟਾਪੂਆਂ ਤੇ ਸਜਾ ਲਈ ਭੇਜਿਆ ਜਾਂਦਾ ਰਿਹਾ ਹੈ ਅਤੇ ਉਹਨਾਂ ਵਿਚੋ ਕੁਝ ਉਥੇ ਹੀ ਵਸ ਗਏ ਉਹਨਾਂ ਵਿਚੋ ਸਭ ਤੋ ਜਿਆਦਾ ਗਿਣਤੀ ਬੰਗਾਲੀਆਂ ਦੀ ਸੀ ਅਤੇ ਦੂਸਰੇ ਨੰਬਰ ਤੇ ਪੰਜਾਬੀ ਕੈਦੀ ਸਨ। ਬਹੁਤ ਲੋਕਾਂ ਵਿਚ ਇਹ ਪ੍ਰਭਾਵ ਵੀ ਹੈ ਕਿ ਇਥੋ ਦੀ ਜਿਆਦਾ ਅਬਾਦੀ ਪੰਜਾਬੀ ਹੈ ਜਦੋ ਕਿ ਇਥੋ ਦੀ 5 ਲੱਖ ਦੀ ਅਬਾਦੀ ਵਿਚ ਪੰਜਾਬੀ ਸਿਰਫ 1 ਫੀਸਦੀ ਜਾਂ 5000 ਦੇ ਕਰੀਬ ਹੀ ਹਨ ਪਰ ਫਿਰ ਵੀ ਇੰਨਾਂ ਟਾਪੂਆਂ ਦਾ ਪੰਜਾਬ ਨਾਲ ਗੂੜਾ ਸਬੰਧ ਰਿਹਾ ਹੈ ਭਾਵੇ ਕਿ ਇਹ ਟਾਪੂ ਭਾਰਤ ਦੇ ਧੁਰ ਪੂਰਬ ਵਿਚ ਜਦੋ ਕਿ ਪੰਜਾਬ ਧੁਰ ਪਛੱਮ ਵਿਚ ਸਥਿਤ ਹੈ।

ਅਡੇਮਾਨ, ਨਿਕੋਬਾਰ ਟਾਪੂਆਂ ਦੇ ਨਾਂ ਤੋ ਇਸ ਤਰਾਂ ਲਗਦਾ ਹੈ ਕਿ ਜਿਵੇ. ਇਹ ਦੋ ਟਾਪੂ ਇਕ ਦੂਸਰੇ ਦੇ ਬਿਲਕੁਲ ਨਜਦੀਕ ਹੋਣ ਪਰ ਇਸ ਤਰਾਂ ਨਹੀ ਹੈ ਅਸਲ ਵਿਚ ਇਹ ਕੋਈ 572 ਦੇ ਕਰੀਬ ਛੋਟੇ ਵਡੇ ਟਾਪੂ ਹਨ, ਕਈ ਤਾਂ ਸਿਰਫ ਚਟਾਨਾਂ ਹੀ ਹਨ ਅਤੇ ਇੰਨਾਂ ਸਾਰੇ ਟਾਪੂਆਂ ਦਾ ਕੁਲ ਖੇਤਰਫਲ 8249 ਵਰਗ ਕਿਲੋਮੀਟਰ ਹੈ ਪਰ ਇੰਨਾਂ ਦੀ ਲੰਬਾਈ ਉਤਰ ਤੋ ਦੱਖਣ ਵਲ 780 ਕਿਲੋਮੀਟਰ ਹੈ ਜਾਂ ਇਸ ਤਰਾਂ ਕਹਿ ਲਉ ਕਿ ਇਹ ਟਾਪੂ ਇੰਨੀ ਦੂਰੀ ਵਿਚ ਫੈਲੇ ਹੋਏ ਹਨ ਜਿਵੇ ਇਕ ਟਾਪੂ ਅੰਮ੍ਰਿਤਸਰ ਦੇ ਕਰੀਬ ਹੋਵੇ ਅਤੇ ਸਭ ਤੋ ਦੂਰ ਦਾ ਟਾਪੂ ਲਖਨਊ ਤੋ ਵੀ ਅਗੇ ਹੋਏ ਇੰਨੇ ਵਿਸ਼ਾਲ ਘੇਰੇ ਵਿਚ ਫੈਲੇ ਹੋਏ ਇੰਨਾਂ ਟਾਪੂਆਂ ਵਿਚੋ ਸਿਰਫ 36 ਹੀ ਉਹ ਟਾਪੂ ਹਨ ਜਿਥੇ ਵਸੋ ਰਹਿੰਦੀ ਹੈ। ਇਹ ਸਾਰੇ ਟਾਪੂ ਛੋਟੇ ਸਮੁੰਦਰੀ ਜਹਾਜਾਂ ਨਾਲ ਜੁੜੇ ਹੋਏ ਹਨ। ਕਈ ਟਾਪੂਆਂ ਤੇ ਸਿਰਫ ਜੰਗਲ ਹੀ ਹਨ ਪਰ ਜਿਆਦਾਤਰ ਤੇ ਜੰਗਲਾਂ ਦੇ ਨਾਲ-ਨਾਲ ਖੇਤੀ ਵੀ ਕੀਤੀ ਜਾਂਦੀ ਹੈ। ਇਹ ਟਾਪੂ ਦੋ ਗਰੁਪਾਂ ਵਿਚ ਵੰਡੇ ਹੋਏ ਹਨ ਇਕ ਹਨ ਅੰਡੇਮਾਨ ਗਰੁਪ ਦੇ ਟਾਪੂਆਂ ਅਤੇ ਦੂਸਰੇ ਨਿਕੋਬਾਰ ਗਰੁਪ ਦੇ ਟਾਪੂ। ਅੰਡੇਮਾਨ ਗਰੁਪ ਦੇ ਟਾਪੂ ਦੀ ਲੰਬਾਈ 467 ਕਿਲੋਮੀਟਰ ਅਤੇ ਚੌੜਾਈ ਵਧ ਤੋ ਵਧ 58 ਕਿਲੋਮੀਟਰ ਹੈ ਜਦੋ ਕਿ ਕਈ ਜਗਾਹ ਤੋ ਇਹ ਬਹੁਤ ਹੀ ਘਟ ਚੌੜਾਈ ਵਾਲੇ ਰਹਿ ਜਾਂਦੇ ਹਨ। ਇਥੋ ਦੀ ਜਲਵਾਯੂ ਗਰਮੀ ਭਰੀ ਹੈ ਸਾਲ ਵਿਚ ਔਸਲ 3180 ਮਿਲੀਮੀਟਰ ਬਾਰਸ਼ ਹੁੰਦੀ ਹੈ ਬਾਰਸ਼ ਦੀ ਰੁਤ 6 ਮਹੀਨੇ ਦੀ ਹੈ ਜੋ ਮਈ ਤੋ ਸ਼ੁਰੂ ਹੋ ਕੇ ਅਕਤੂਬਰ ਤਕ ਚਲਦੀ ਹੈ। ਬਾਰਸ਼ ਇਕ ਦਮ ਹੀ ਆ ਜਾਂਦੀ ਹੈ ਅਤੇ ਕਈ ਵਾਰ ਘੰਟਾ ਦੋ ਘੰਟੇ ਅਤੇ ਕਈ ਵਾਰ ਕੁਝ ਮਿੰਟ ਵਿਚ ਹੀ ਰੁਕ ਜਾਂਦੀ ਹੈ।

ਨਿਕੋਬਾਰ ਦੇ ਟਾਪੂ, ਅੰਡੇਮਾਨ ਗਰੁਪ ਦੇ ਟਾਪੂਆਂ ਤੋ ਕੋਈ 500 ਕਿਲੋਮੀਟਰ ਦੀ ਦੂਰੀ ਤੇ ਹਨ ਅਤੇ ਇਥੇ ਕੋਈ 22 ਟਾਪੂ ਹਨ ਪਰ ਇੰਨਾਂ ਵਿਚੋ ਵਸੋ ਸਿਰਫ 6 ਟਾਪੂਆਂ ਤੇ ਹੀ ਹੈ ਇਸ ਦੇ ਸਭ ਤੋ ਵੱਡੇ ਟਾਪੂ ਦਾ ਨਾਂ ਗਰੇਟ ਨਿਕੋਬਾਰ ਹੈ ਜਿਸ ਦਾ ਕੁਲ ਖੇਤਰਫਰ 1045 ਵਰਗ ਕਿਲੋਮੀਟਰ ਹੈ ਅਤੇ ਇਸ ਟਾਪੂ ਤੇ ਹੀ ਸਭ ਤੋ ਪਹਿਲਾਂ ਖੇਤੀ ਵਿਕਸਤ ਕੀਤੀ ਗਈ ਸੀ ਜਿਥੇ ਅਜ ਕਲ ਖੂਸਬੂਰਤ ਇਮਾਰਤਾਂ, ਪਾਰਕਾਂ, ਸਕੂਲ, ਬੈਕ ਅਤੇ ਹੋਰ ਸੰਸਥਾਵਾਂ ਸਥਾਪਿਤ ਕੀਤੀਆਂ ਗਈਆ ਹਨ। ਇਸ ਹੀ ਟਾਪੂ ਤੇ 1960 ਵਿਚ ਪੰਜਾਬ ਦੇ ਸਾਬਕਾ ਫੌਜੀਆਂ ਦੇ 100 ਪ੍ਰੀਵਾਰਾਂ ਨੂੰ 15,15 ਏਕੜ ਜਮੀਨ ਦੇ ਕੇ ਖੇਤੀ ਨੂੰ ਵਿਕਸਤ ਕਰਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਲਈ ਉਹਨਾਂ ਪੰਜਾਬੀ ਪ੍ਰੀਵਾਰਾਂ ਨੇ ਉਥੇ ਖੇਤੀ ਨੂੰ ਬਹੁਤ ਵਿਕਸਤ ਕੀਤਾ ਹੈ ਉਹਨਾਂ ਵਲੋ ਧਾਨ, ਮਕਈ, ਸਬਜ਼ੀਆਂ ਤੋ ਇਲਾਵਾ ਬਹੁਤ ਖੂਬਸੂਰਤ ਬਾਗ ਵਿਕਸਤ ਕੀਤੇ ਗਏ ਹਨ। ਇਸ ਗਰੁਪ ਦੇ ਸਭ ਤੋ ਛੋਟੇ ਟਾਪੂ ਦਾ ਨਾ ਪਿਲੋਮਿਲੋ ਹੈ ਜਿਸ ਦਾ



ਖੇਤਰਫਲ ਸਿਰਫ 1.3 ਵਰਗ ਕਿਲੋਮੀਟਰ ਹੈ ਅਤੇ ਇਥੇ ਬਹੁਤ ਸੰਘਣਾ ਜੰਗਲ ਹੈ ਅਤੇ ਨਾਲ ਹੀ ਕੁਝ ਖੇਤਰ ਤੇ ਖੇਤੀ ਕੀਤੀ ਜਾਂਦੀ ਹੈ। ਛੋਟਾ ਟਾਪੂ ਹੋਣ ਕਰਕੇ ਥੋੜੀ ਜਹੀ ਵਸੋ ਰਹਿੰਦੀ ਹੈ ਪਰ ਨਾ ਕੋਈ ਵਪਾਰਿਕ ਅਦਾਰਾ ਹੈ ਅਤੇ ਨਾ ਹੀ ਕੋਈ ਸੰਸਥਾ। ਬਾਕੀ ਟਾਪੂਆਂ ਦੀ ਤਰਾਂ ਇਸ ਨੂੰ ਵੀ ਛੋਟੇ ਸਮੁੰਦਰੀ ਜਹਾਜਾਂ ਨਾਲ ਜੋੜਿਆ ਹੋਇਆ ਹੈ। ਨਿਕੋਬਾਰ ਦੇ ਇਸ ਟਾਪੂ ਤੇ ਹੀ ਦੇਸ਼ ਦੇ ਦੱਖਣ ਦਾ ਸਭ ਤੋ ਅਖੀਰਲਾ ਬਿੰਦੂ ਜਿਸ ਨੂੰ ਇੰਦਰਾ ਟਾਪੂ ਕਹਿੰਦੇ ਹਨ ਉਹ ਵੀ ਇਸ ਟਾਪੂ ਤੇ ਹੈ, ਜਿਸ ਦੀ ਇੰਡੋਨੇਸ਼ੀਆ ਦੇ ਸੁਮਾਟਰਾ ਟਾਪੂ ਤੋ ਦੂਰੀ 151 ਕਿਲੋਮੀਟਰ ਹੈ ਜਦੋ ਕਿ ਬਰਮ੍ਹਾਂ ਤੋ 192 ਕਿਲੋਮੀਟਰ।

ਇੰਨਾਂ ਟਾਪੂਆਂ ਵਿਚ 547 ਦੇ ਕਰੀਬ ਪਿੰਡ ਹਨ ਪਰ ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਸਿਰਫ 204 ਪਿੰਡ ਹਨ ਕਿਉ ਜੋ ਇੰਨਾਂ ਮਾਲ ਪਿੰਡਾਂ ਵਿਚ ਹੋਰ ਪਿੰਡ ਵਸ ਜਾਂਦੇ ਹਨ। ਅੰਡੇਮਾਨ ਨਿਕੋਬਾਰ ਦੀ ਰਾਜਧਾਨੀ ਪੋਰਟ ਬਲੇਅਰ ਹੈ ਅਤੇ ਇਕ ਇਹੋ ਹੀ ਸ਼ਹਿਰ ਹੈ ਜਿਥੇ ਸਕੂਲ, ਕਾਲਜ, ਵਪਾਰਿਕ ਅਦਾਰੇ ਅਤੇ ਹੋਰ ਸੰਸਥਾਵਾਂ ਦੀ ਕਾਫੀ ਗਿਣਤੀ ਹੈ। ਇਸ ਸ਼ਹਿਰ ਵਿਚ ਭਾਰਤ ਦੇ ਹਰ ਪ੍ਰਾਂਤ ਜਿਵੇ ਬੰਗਾਲੀ, ਤਾਮਿਲ, ਯੂੰ.ਪੀਂ., ਬਿਹਾਰ, ਪੰਜਾਬ, ਹਰਿਆਣਾ ਆਦਿ ਸਭ ਪ੍ਰਾਤਾਂ ਦੇ ਵਿਅਕਤੀ ਮਿਲ ਜਾਦੇ ਹਨ ਜਿੰਨਾਂ ਵਿਚ ਹਿੰਦੂ, ਸਿੱਖ, ਈਸਾਈ, ਮੁਸਲਿਮ, ਬੋਧੀ ਆਦਿ ਸਭ ਧਰਮਾਂ ਦੇ ਲੋਕ ਹਨ ਜਾਂ ਇਹ ਕਹਿ ਲਉ ਕਿ ਇਸ ਸ਼ਹਿਰ ਵਿਚ ਸਾਰੇ ਹੀ ਭਾਰਤ ਦੇ ਦਰਸ਼ਨ ਹੋ ਜਾਂਦੇ ਹਨ। ਇਸ ਹੀ ਸ਼ਹਿਰ ਵਿਚ ਅੰਗਰੇਜ਼ਾਂ ਵਲੋ ਬਣਾਈ ਹੋਈ ਸੈਲੂਲਰ ਜੇਲ੍ਹ ਸਥਿਤ ਹੈ ਜਿਥੇ ਸੁਤੰਤਰਤਾ ਸੈਨਾਨੀਆਂ ਅਤੇ ਗੰਭੀਰ ਅਪਰਾਧੀਆਂ ਨੂੰ ਸਜਾਵਾਂ ਦੇਣ ਲਈ ਰਖਿਆ ਜਾਂਦਾ ਸੀ। ਦੂਸਰੀ ਸੰਸਾਰ ਜੰਗ ਦੇ ਸਮੇ ਕੋਈ 2" ਕੁ ਸਾਲ ਇੰਨਾਂ ਟਾਪੂਆਂ ਤੇ ਜਪਾਨੀਆਂ ਦਾ ਰਾਜ ਰਿਹਾ ਸੀ ਪਰ ਜਪਾਨੀਆਂ ਨੇ ਵੀ ਇਸ ਟਾਪੂ ਤੇ ਰਹਿਣ ਵਾਲੀ ਵਸੋ ਤੇ ਬਹੁਤ ਜੁਲਮ ਕੀਤੇ ਸਨ। ਪੋਰਟ ਬਲੇਅਰ ਤੋ ਕੋਈ 10 ਕਿਲੋਮੀਟਰ ਦੂਰ ਹੰਫਰੀਗੰਜ ਦੇ ਸਥਾਨ ਤੇ ਉਹਨਾਂ 44 ਪੰਜਾਬੀਆਂ ਦੀ ਯਾਦਗਾਰ ਸਥਾਪਿਤ ਕੀਤੀ ਹੋਈ ਹੈ ਜਿੰਨਾਂ ਨੂੰ ਜਪਾਨੀ ਫੌਜੀਆਂ ਨੇ ਸ਼ਕ ਦੇ ਅਧਾਰ ਤੇ ਗੋਲੀਆਂ ਮਾਰ ਕੇ ਮਾਰ ਦਿਤਾ ਸੀ, ਜਿੰਨਾਂ ਤੇ ਸ਼ਕ ਸੀ ਕਿ ਉਹ ਅੰਗਰੇਜ਼ ਸਰਕਾਰ ਦੀ ਮਦਦ ਕਰਦੇ ਸਨ।

ਇਹ ਟਾਪੂ ਕੁਦਰਤੀ ਸੁੰਦਰਤਾ ਨਾਲ ਭਰਪੂਰ ਹਨ ਪਰ ਮੇਨ ਲੈਡ ਤੋ ਬਹੁਤ ਦੂਰ ਹੋਣ ਕਰਕੇ, ਬਹੁਤ ਘਟ ਯਾਤਰੀ ਹੀ ਇੰਨਾਂ ਟਾਪੂਆਂ ਤੇ ਜਾਂਦੇ ਹਨ। ਯਾਤਰੀਆਂ ਦੇ ਘਟ ਜਾਣ ਦੀ ਦੂਸਰੀ ਵਜਾਹ ਇਹ ਵੀ ਹੈ ਕਿ ਇਥੋ ਦਾ ਜਲਵਾਯੂ ਸਾਰਾ ਸਾਲ ਹੀ ਗਰਮ ਰਹਿੰਦਾ ਹੈ ਅਤੇ ਇਸ ਕਰਕੇ ਵਿਦੇਸ਼ੀ ਯਾਤਰੀ ਇਥੇ ਨਹੀ ਜਾਂਦੇ। ਇੰਨਾਂ ਟਾਪੂਆਂ ਦਾ ਵਿਕਾਸ 1947 ਤੋ ਬਾਦ ਬਹੁਤ ਤੇਜੀ ਨਾਲ ਹੋਇਆ। ਭਾਰਤ ਦੇ ਵੱਖ-ਵੱਖ ਪ੍ਰਾਤਾਂ ਤੋ ਜਾ ਕੇ ਪਕੇ ਤੌਰ ਤੇ ਰਹਿਣ ਵਾਲੇ ਲੋਕ ਵੀ 1947 ਤੋ ਬਾਦ ਹੀ ਇਥੇ ਗਏ। ਇਥੋ ਦੀ ਜ਼ਮੀਨ ਬਹੁਤ ਜਰਖੇਂਰਜ ਹੈ ਅਤੇ ਇਥੇ ਜੰਗਲਾਂ ਤੋ ਇਲਾਵਾ ਜਿਸ ਧਰਤੀ ਤੇ ਖੇਤੀ ਕੀਤੀ ਜਾਂਦੀ ਹੈ ਉਥੋ ਪ੍ਰਤੀ ਏਕੜ ਉਪਜ ਵਿਚ ਪਿਛਲੇ ਸਮੇ ਵਿਚ ਵੱਡਾ ਵਾਧਾ ਹੋਇਆ ਹੈ। ਚੌਲ, ਮਕਈ, ਆਲੂ, ਕਰੇਲੇ, ਭਿੰਡੀ ਅਤੇ ਹੋਰ ਸਬਜੀਆਂ ਦੀ ਕਾਸ਼ਤ ਕੀਤੀ ਜਾਂਦੀ ਹੈ। ਇਹ ਜਮੀਨ ਸੰਤਰੇ, ਨਿੰਬੂ, ਅੰਬ, ਨਾਰੀਅਲ ਆਦਿ ਫਲਾਂ ਲਈ ਬਹੁਤ ਅਨੁਕੂਲ ਹੈ। ਜੰਗਲਾਂ ਵਿਚ ਸਾਰਾ ਸਾਲ ਹੀ ਕਈ ਜੰਗਲੀ ਫਲ ਆਪਣੇ ਆਪ ਹੀ ਫਲ ਦਿੰਦੇ ਰਹਿੰਦੇ ਹਨ ਅਤੇ ਜੰਗਲਾਂ ਵਿਚ ਜਾਂਦਿਆ ਕਈ ਵਾਰ ਵੱਡੀ ਮਾਤਰਾਂ ਵਿਚ ਨਿੰਬੂਆਂ ਦੇ ਬੂਟਿਆਂ ਥਲੇ ਨਿੰਬੂਆਂ ਦੇ ਢੇਰ ਨਜਰ ਆਉਦੇ ਹਨ।

ਚਥਲਮ ਦੇ ਸਥਾਨ ਤੇ ਏਸ਼ੀਆ ਵਿਚ ਸਭ ਤੋ ਵੱਡੀ ਆਰਾ ਮਿਲ ਸਥਾਪਿਤ ਕੀਤੀ ਗਈ ਸੀ ਜਿਸ ਤੋ ਟਾਪੂਆਂ ਲਈ ਅਤੇ ਹੋਰ ਪ੍ਰਦੇਸ਼ਾਂ ਲਈ ਲਕੜ ਦੀ ਪੂਰਤੀ ਕੀਤੀ ਜਾਂਦੀ ਹੈ ਅਜਕਲ ਸਰਕਾਰ ਵਲੋ ਉਦਯੋਗਿਕ ਵਿਕਾਸ ਨਹੀ ਕਈ ਯਤਨ ਕੀਤੇ ਜਾ ਰਹੇ ਹਨ ਅਤੇ ਵੱਖ-ਵੱਖ ਟਾਪੂਆਂ ਤੇ ਕਈ ਉਦਯੋਗਿਕ ਇਕਾਈਆਂ ਸਥਾਪਿਤ ਕੀਤੀਆਂ ਗਈਆ ਹਨ। ਪੋਰਟ ਬਲੇਅਰ ਤੇ ਇਕ ਹੀ ਹਵਾਈ ਅੱਡਾ ਹੈ ਜਿਸ ਤੋ ਰੋਜਾਨਾ ਕਲਕਤਾ ਅਤੇ ਚਨਈ ਲਈ ਉਡਾਨਾਂ ਚਲਦੀਆਂ ਹਨ ਅਜਕਲ ਡਿਗਲੀਪੁਰ ਤਕ 185 ਕਿਲੋਮੀਟਰ ਦੀ ਸੜਕ ਬਣਾਈ ਗਈ ਹੈ ਜਿਸ ਨੂੰ ਅੰਡੇਮਾਨ ਗਰੈਡ ਟਰੰਕ ਰੋਡ ਕਿਹਾ ਜਾਂਦਾ ਹੈ ਅਤੇ ਇਸ ਸੜਕ ਤੇ ਕਈ ਹੋਰ ਛੋਟੇ-ਛੋਟੇ ਸ਼ਹਿਰ ਵਿਕਸਤ ਕੀਤੇ ਗਏ ਹਨ ਜਿੰਨਾਂ ਵਿਚ ਹੋਟਲ ਅਤੇ ਗੈਸਟ ਹਾਉਸ ਅਤੇ ਯਾਤਰੀਆਂ ਲਈ ਪਾਰਕਾਂ ਆਦਿ ਬਣਾਈਆਂ ਗਈਆਂ ਹਨ। ਬਹੁਤ ਸਾਰੇ ਲੋਕ ਜਿਹੜੇ ਹੋਰ ਟਾਪੂਆਂ ਤੋ ਪੋਰਟ ਬਲੇਅਰ ਆ ਕੇ ਕੰਮ ਕਰਦੇ ਹਨ ਉਹ ਸਵੇਰੇ ਛੋਟੇ ਜਹਾਜਾਂ ਤੇ ਇਥੇ ਆਉਦੇ ਹਨ ਅਤੇ ਸ਼ਾਮ ਨੂੰ ਉਹਨਾਂ ਛੋਟੇ ਜਹਾਜਾਂ ਤੇ ਵਾਪਿਸ ਜਾਂਦੇ ਹਨ। ਸ਼ਾਮ ਨੂੰ ਉਹਨਾਂ ਜਹਾਜਾਂ ਨੂੰ ਭੱਜਾਂ ਕੇ ਫੜਦੇ ਹੋਏ ਲੋਕਾਂ ਨੂੰ ਵੇਖ ਕੇ ਮੇਨ ਲੈਡ ਤੇ ਗੱਡੀਆਂ ਫੜਦੇ ਲੋਕਾਂ ਦੀ ਯਾਦ ਆ ਜਾਂਦੀ ਹੈ।

ਪੰਜਾਬ ਦਾ ਇੰਨਾਂ ਟਾਪੂਆਂ ਨਾਲ ਖਾਸ ਸਬੰਧ ਕਈ ਕਾਰਣਾਂ ਕਰਕੇ ਹੈ ਇਕ ਤਾਂ ਬੰਗਾਲੀਆਂ ਤੋ ਬਾਦ ਪੰਜਾਬੀ ਕੈਦੀ ਸੈਲੂਲਰ ਜੇਲ ਵਿਚ ਦੂਸਰੇ ਨੰਬਰ ਤੇ ਸਨ ਪੰਜਾਬ ਦੇ ਕੁਝ ਕੈਦੀ ਜੇਲ੍ਹ ਵਿਚ ਮਨੁਖੀ ਅਧਿਕਾਰਾਂ ਲਈ ਸ਼ਹੀਦ ਹੋ ਗਏ ਜਿੰਨਾਂ ਵਿਚ ਬਾਬਾ ਭਾਨ ਸਿੰਘ ਜੋ ਲੁਧਿਆਨੇ ਤੋ ਸਨ ਉਹਨਾਂ ਦਾ ਜੇਲ ਦੇ ਬਾਹਰ ਬੁਤ ਲਗਾ ਹੋਇਆ ਹੈ। 1937 ਵਿਚ ਜਦੋ ਦੀਵਾਨ ਸਿੰਘ ਕਾਲੇ ਪਾਣੀ ਜੋ ਪੋਰਟ ਬਲੇਅਰ ਵਿਖੇ ਮੈਡੀਕਲ ਅਫਸਰ ਸਨ ਨੇ ਇਕ ਗੁਰਦਵਾਰਾ ਬਣਾਇਆ ਤੇ ਉਸ ਨੇ ਨਾਲ ਸਕੂਲ ਅਤੇ ਵੋਕੇਸ਼ਨਲ ਸਕੂਲ ਖੋਲਿਆ। ਉਹ ਗੁਰਦਵਾਰਾ ਨਾ ਸਿਰਫ ਪੰਜਾਬੀਆਂ ਸਗੋ ਸਾਰੇ ਹੀ ਉਹਨਾਂ ਲੋਕਾਂ ਲਈ ਵੱਡਾ ਆਸਰਾ ਰਿਹਾ ਜੋ ਉਥੇ ਬਾਦ ਵਿਚ ਜਾ ਕੇ ਉਥੇ ਸਥਾਪਿਤ ਹੋਏ ਡਾ. ਦੀਵਾਨ ਸਿੰਘ ਇੰਨਾਂ ਟਾਪੂਆਂ ਦੀ ਬਹੁਤ ਸਤਿਕਾਰਤ ਸ਼ਖਸ਼ੀਅਤ ਸਨ ਜਿੰਨਾਂ ਨੂੰ ਜਪਾਨੀਆਂ ਨੇ ਤਸੀਹੇ ਦੇ ਕੇ ਇਥੇ ਸ਼ਹੀਦ ਕਰ ਦਿਤਾ ਸੀ। ਪੰਜਾਬ ਤੋ ਗਏ ਫੌਜੀਆਂ ਨੇ ਜਿਥੇ ਖੇਤੀ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਉਥੇ ਹੋਰ ਕਾਰੋਬਾਰਾਂ ਨਾਲ ਇਸ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ।

# ਸੂਝ ਤੇ ਸਲੀਕੇ ਨਾਲ ਜ਼ਿੰਦਗੀ ਨੂੰ ਮਾਣਨ ਯੋਗ ਬਣਾਓ

-ਗੁਰਬਿੰਦਰ ਸਿੰਘ ਮਾਣਕ



ਮਨੁੱਖੀ ਜ਼ਿੰਦਗੀ ਬਹੁਤ ਖੂਬਸੂਰਤ ਹੈ। ਜੇ ਕਿਸੇ ਨੂੰ ਜ਼ਿੰਦਗੀ ਜਿਊਣ ਦਾ ਸਲੀਕਾ ਆ ਜਾਵੇ ਤਾਂ ਸੋਨੇ ਉੱਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਹਰ ਕੋਈ ਆਪਣੇ ਢੰਗ ਨਾਲ ਹੀ ਜ਼ਿੰਦਗੀ ਜਿਊਂਦਾ ਹੈ। ਕਿਸੇ ਨੂੰ ਜ਼ਿੰਦਗੀ ਦੀ ਸਮਝ ਸਾਰਾ ਜੀਵਨ ਗੁਜ਼ਾਰ ਕੇ ਵੀ ਨਹੀਂ ਆਉਂਦੀ ਤੇ ਵਿਰਲੇ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਜੀਵਨ ਦੇ ਡੂੰਘੇ ਭੇਦਾਂ ਦੀ ਸੋਝੀ ਛੇਤੀ ਹੀ ਹੋ ਜਾਂਦੀ ਹੈ।

ਬਹੁਤ ਥੋੜ੍ਹੇ ਲੋਕ ਹਨ, ਜਿਨ੍ਹਾਂ ਦਾ ਜ਼ਿੰਦਗੀ ਪ੍ਰਤੀ ਕੋਈ ਪ੍ਰਪੱਕ ਨਜ਼ਰੀਆ ਹੁੰਦਾ ਹੈ। ਬਹੁਤੇ ਤਾਂ ਰੋਜ਼ੀ ਰੋਟੀ ਦੇ ਝਮੇਲਿਆਂ ਵਿੱਚ ਫਸੇ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਜੂਝਦੇ ਹੀ ਰੁਖਸਤ ਹੋ ਜਾਂਦੇ ਹਨ। ਪੜ੍ਹੇ ਲਿਖੇ ਅਨੇਕ ਲੋਕ ਵੀ ਕਈ ਵਾਰ ਜ਼ਿੰਦਗੀ ਜਿਊਣ ਦੇ ਸਲੀਕੇ ਤੋਂ ਕੋਰੇ ਦੇਖੇ ਜਾ ਸਕਦੇ ਹਨ। ਇਸ ਤੋਂ ਉਲਟ ਅਨੇਕ ਸਿੱਧੜ ਜਿਹੇ ਦਿਸਣ ਵਾਲੇ ਪੇਂਡੂ ਲੋਕ ਸਾਦਗੀ ਭਰਿਆ ਕਿਰਤ ਨਾਲ ਲਬਰੇਜ਼ ਤੇ ਹੰਕਾਰ ਰਹਿਤ ਭਰਪੂਰ ਜੀਵਨ ਜੀਅ ਕੇ ਕਈਆਂ ਲਈ ਚਾਨਣ ਮੁਨਾਰਾ ਬਣ ਜਾਂਦੇ ਹਨ।

ਬਹੁਤੇ ਲੋਕ ਜੀਵਨ ਵਿੱਚ ਧਨ ਦੌਲਤ ਤੇ ਪਦਾਰਥਕ ਵਸਤਾਂ ਦੀ ਬਹੁਲਤਾ ਨੂੰ ਹੀ ਜ਼ਿੰਦਗੀ ਸਮਝਣ ਦਾ ਭਰਮ ਸਿਰਜ ਲੈਂਦੇ ਹਨ। ਇਨ੍ਹਾਂ ਚੀਜ਼ਾਂ ਤੋਂ ਬਿਨਾਂ ਜੀਵਨ ਰੂਪੀ ਗੱਡੀ ਨੂੰ ਚਲਾਉਣਾ ਔਖਾ ਹੈ, ਪਰ ਇਨ੍ਹਾਂ ਨੂੰ ਜ਼ਿੰਦਗੀ ਸਮਝ ਲੈਣਾ ਜ਼ਿੰਦਗੀ ਦੀ ਸਾਰਥਿਕਤਾ ਤੋਂ ਮੂੰਹ ਮੋੜ ਲੈਣਾ ਹੈ। ਅਨੇਕ ਲੋਕ ਅਜਿਹੇ ਹਨ, ਜਿਨ੍ਹਾਂ ਪਾਸ ਧਨ ਦੌਲਤ ਤੇ ਹੋਰ ਵਸਤਾਂ ਦੇ ਅੰਬਾਰ ਲੱਗੇ ਹਨ, ਪਰ ਉਨ੍ਹਾਂ ਦੇ ਜੀਵਨ ਵਿੱਚ ਖੁਸ਼ੀ ਦੇ ਚਿੰਨ੍ਹ ਦਿਖਾਈ ਨਹੀਂ ਦਿੰਦੇ। ਅਜਿਹੇ ਵਿਅਕਤੀ ਜ਼ਿੰਦਗੀ ਦੀ ਦੌੜ ਵਿੱਚ ਇਸ ਕਦਰ ਭਟਕਣ ਦਾ ਸ਼ਿਕਾਰ ਹੋ ਜਾਂਦੇ ਹਨ ਕਿ ਕਈ ਵਾਰ ਸਰੀਰਕ ਤੇ ਮਾਨਸਿਕ ਰੋਗ ਸਹੇੜ ਲੈਂਦੇ ਹਨ। ਜ਼ਿੰਦਗੀ ਕਦੇ ਇਕੋ ਜਿਹੀ ਨਹੀਂ ਰਹਿੰਦੀ। ਇਹ ਨਿਰੰਤਰ ਬਦਲਦੀ ਹੈ ਤੇ ਕਈ ਰੰਗ ਦਿਖਾਉਂਦੀ ਰਹਿੰਦੀ ਹੈ। ਜਿਹੜੇ ਜੀਵਨ ਰੂਪੀ ਪਾਣੀਆਂ ਨੂੰ ਨਿਰੰਤਰ ਵਗਦੇ ਤੇ ਸਾਫ ਰੱਖਣ ਲਈ ਕੋਸ਼ਿਸ਼ ਰੂਪੀ ਕੰਕਰਾਂ ਨਾਲ ਪਾਣੀਆਂ ਵਿੱਚ ਲਹਿਰਾਂ ਪੈਦਾ ਕਰਨ ਵਿੱਚ ਜੁਟੇ ਰਹਿੰਦੇ ਹਨ, ਇਕ ਦਿਨ ਸਫਲਤਾ ਉਨ੍ਹਾਂ ਦੇ ਪੈਰ ਜ਼ਰੂਰ ਚੁੰਮਦੀ ਹੈ। ਇਹ ਸਭ ਕੁਝ ਕਿਸੇ ਵਿਅਕਤੀ ਦੇ ਜੀਵਨ ਪ੍ਰਤੀ ਵਤੀਰੇ ਉਤੇ ਨਿਰਭਰ ਕਰਦਾ ਹੈ।

ਕੁਝ ਲੋਕ ਜ਼ਿੰਦਗੀ ਦੀਆਂ ਸੁੱਖ ਸੁਵਿਧਾਵਾਂ ਤੋਂ ਇਸ ਕਾਰਨ ਵਿਰਵੇ ਰਹਿ ਜਾਂਦੇ ਹਨ ਕਿ ਉਨ੍ਹਾਂ ਕੋਲ ਲੋੜੀਂਦੇ ਸਾਧਨਾਂ ਦੀ ਅਣਹੋਂਦ ਹੁੰਦੀ ਹੈ, ਪਰ ਕੁਝ ਸਾਧਨ ਸਪੰਨ ਹੋਣ ਦੇ ਬਾਵਜੂਦ ਜ਼ਿੰਦਗੀ ਨੂੰ ਮਾਨਣ ਤੋਂ ਵਿਰਵੇ ਰਹਿ ਜਾਂਦੇ ਹਨ। ਜ਼ਿੰਦਗੀ ਪ੍ਰਤੀ ਕੰਜੂਸੀ ਦਾ ਰਵੱਈਆ ਧਾਰਨ ਕਰਨ ਵਾਲੇ ਜਿਊਣਾ ਨਹੀਂ ਜਾਣਦੇ। ਕੁਦਰਤ ਦੇ ਖੂਬਸੂਰਤ ਰੰਗਾਂ ਨੂੰ ਮਾਨਣ ਵਿੱਚ ਭਲਾ ਕਿਹੜਾ ਧਨ ਖਰਚ ਹੁੰਦਾ ਹੈ? ਜ਼ਿੰਦਗੀ ਦੇ ਅਜਿਹੇ ਸੁਹਜ ਨੂੰ ਮਾਨਣ ਵਾਲੇ ਵਿਰਲੇ ਹੀ ਹਨ ਤੇ ਅਜਿਹੀ ਨੀਝ ਵੀ ਵਿਰਲਿਆਂ ਦੀ ਹੀ ਹੈ। ਅਜਿਹੇ ਵਿਅਕਤੀ ਆਰਥਿਕ ਪੱਖੋਂ ਤਾਂ ਭਾਵੇਂ ਗਰੀਬ ਹੋਣ, ਪਰ ਜਿਹੜੀ ਅਮੀਰੀ ਉਨ੍ਹਾਂ ਕੋਲ ਹੁੰਦੀ ਹੈ, ਉਹ ਬਹੁਤ ਥੋੜ੍ਹੇ ਲੋਕਾਂ ਦੇ ਹਿੱਸੇ ਆਉਂਦੀ ਹੈ।

ਬਹੁਤ ਥੋੜ੍ਹੇ ਲੋਕ ਹੁੰਦੇ ਹਨ, ਜਿਹੜੇ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਵੀ ਖਿੜੇ ਮੱਥੇ ਜਰਨ ਦਾ ਹੌਸਲਾ ਰੱਖਦੇ ਹਨ। ਉਨ੍ਹਾਂ ਦਾ ਮਨ ਭਾਵੇਂ ਜਿੰਨਾ ਮਰਜ਼ੀ ਉਦਾਸ ਹੋਵੇ, ਪਰ ਉਨ੍ਹਾਂ ਦੇ ਚਿਹਰੇ ਉਤੇ ਉਦਾਸੀ ਦੀ ਕੋਈ ਸ਼ਿਕਨ ਨਜ਼ਰ ਨਹੀਂ ਆਉਂਦੀ। ਇਸ ਦੇ ਉਲਟ ਅਜਿਹੇ ਲੋਕਾਂ ਦੀ ਕਮੀ ਨਹੀਂ, ਜਿਹੜੇ ਹਰ ਇਕ ਕੋਲ ਆਪਣੇ ਦਰਦ ਦਾ ਰੋਣਾ ਰੋਣ ਬਹਿ ਜਾਂਦੇ ਹਨ। ਜ਼ਿੰਦਗੀ ਤੋਂ ਹਰ ਸਮੇਂ ਨਿਰਾਸ਼ ਤੇ ਉਦਾਸ ਰਹਿਣ ਵਾਲੇ ਲੋਕ ਨਰਕ ਤੋਂ ਵੀ ਬਦਤਰ ਜੀਵਨ ਬਸਰ ਕਰਨ ਦਾ ਰਾਹ ਅਪਣਾ ਕੇ ਪਰੇਸ਼ਾਨੀ ਵਿੱਚ ਹੋਰ ਵਾਧਾ ਕਰ ਲੈਂਦੇ ਹਨ। ਦੁੱਖ ਸਮੇਂ ਢੇਰੀ ਢਾਹ ਬਹਿਣਾ ਜ਼ਿੰਦਗੀ ਪ੍ਰਤੀ ਨਾਂਹਪੱਖੀ ਨਜ਼ਰੀਆ ਹੈ। ਜੇ ਜੀਵਨ ਵਿੱਚ ਆਉਂਦੀਆਂ ਖੁਸ਼ੀਆਂ ਤੇ ਗਮੀਆਂ ਨੂੰ ਸੰਤੁਲਿਤ ਨਜ਼ਰੀਏ ਨਾਲ ਵਿਚਾਰਿਆ ਜਾਵੇ ਤਾਂ ਜ਼ਿੰਦਗੀ ਦੀ ਸਹਿਜਤਾ ਬਰਕਰਾਰ ਰਹਿੰਦੀ ਹੈ।

ਕੁਝ ਲੋਕਾਂ ਦੇ ਵਿਹਾਰ ਵਿੱਚ ਤਲਖੀ ਤੇ ਗੁੱਸਾ ਇਸ ਕਦਰ ਛਾਇਆ ਰਹਿੰਦਾ ਹੈ ਕਿ ਉਨ੍ਹਾਂ ਦੇ ਮੱਥੇ ਉੱਤੇ ਹਰ ਸਮੇਂ ਤਿਊੜੀਆਂ ਉਭਰੀਆਂ ਰਹਿੰਦੀਆਂ ਹਨ। ਕਈ ਵਾਰ ਇੰਜ ਲਗਦਾ ਹੈ ਕਿ ਜਿਵੇਂ ਉਹ ਆਪਣੇ ਆਪ ਨਾਲ ਹੀ ਲੜ ਰਹੇ ਹੋਣ। ਕੁਝ ਲੋਕਾਂ ਦੇ ਵਿਹਾਰ ਵਿੱਚ ਇੰਨਾ ਸਲੀਕਾ ਹੁੰਦਾ ਹੈ ਕਿ ਉਹ ਹਮੇਸ਼ਾ ਲਈ ਤੁਹਾਡੇ ਚੇਤਿਆਂ ਵਿੱਚ ਵਸ ਜਾਂਦੇ ਹਨ। ਕੁਝ ਲੋਕ ਬਿਨਾਂ ਕਿਸੇ ਉਦੇਸ਼ ਜਾਂ ਨਿਸ਼ਾਨੇ ਦੇ ਵਾਹੋਦਾਹੀ ਦੌੜੇ ਰਹਿੰਦੇ ਹਨ, ਪਰ ਸਾਰਾ ਜੀਵਨ ਪਹੁੰਚਦੇ ਕਿਤੇ ਨਹੀਂ। ਕੁਝ ਮੰਜ਼ਿਲ 'ਤੇ ਪਹੁੰਚਣ ਦੀ ਕਾਹਲ ਵਿੱਚ ਛੇਤੀ ਹੀ ਰਾਹਾਂ ਦੀ ਧੂੜ ਵਿੱਚ ਗੁਆਚ ਜਾਂਦੇ ਹਨ। ਜਿਹੜੇ ਨਿਰੰਤਰ ਯਤਨਾਂ ਸਦਕਾ, ਹਿੰਮਤ ਤੇ ਹੌਸਲੇ ਨਾਲ ਔਖੀਆਂ ਘਾਟੀਆਂ ਨੂੰ ਪਾਰ ਕਰ ਜਾਂਦੇ ਹਨ, ਮੰਜ਼ਿਲ ਉਨ੍ਹਾਂ ਦਾ ਹੀ ਸਵਾਗਤ ਕਰਦੀ ਹੈ। ਕੇਵਲ ਖਾਣਾ ਪੀਣਾ ਤੇ ਐਸ਼ ਪ੍ਰਸਤੀ ਦੀ ਜ਼ਿੰਦਗੀ ਜਿਊਣਾ ਜ਼ਿੰਦਗੀ ਨਹੀਂ। ਪੈਸੇ ਦੀ ਦੌੜ ਵਿੱਚ ਹੱਫੇ ਹੋਏ ਲੋਕਾਂ ਦਾ ਜੀਵਨ ਵੀ ਸੁਖਾਵਾਂ ਨਹੀਂ ਹੁੰਦਾ। ਮਨੁੱਖ ਦਾ ਲਾਲਚੀ ਹੋਣਾ ਸਮਝ ਆਉਂਦਾ ਹੈ, ਪਰ ਜਦੋਂ ਇਹ ਸਥਿਤੀ ਸਭ ਹੱਦਾਂ ਪਾਰ ਕਰ ਜਾਵੇ ਤਾਂ ਮਨੁੱਖ ਦਾ ਅਮਾਨਵੀ ਪੱਖ ਉਜਾਗਰ ਹੋ ਜਾਂਦਾ ਹੈ। ਜ਼ਿੰਦਗੀ ਪ੍ਰਤੀ ਆਸ਼ਾਵਾਦੀ ਨਜ਼ਰੀਆ ਰੱਖਣ ਵਾਲੇ ਵਿਅਕਤੀ ਜ਼ਿੰਦਗੀ ਨੂੰ ਖੂਬ ਮਾਣਦੇ ਹਨ ਤੇ ਜ਼ਿੰਦਗੀ ਜਿਊਣ ਦੇ ਚਾਅ ਨਾਲ ਭਰੇ ਨਜ਼ਰ ਆਉਂਦੇ ਹਨ। ਅਜਿਹੇ ਲੋਕਾਂ ਸਦਕਾ ਹੀ ਇਹ ਧਰਤੀ ਰਹਿਣਯੋਗ ਤੇ ਖੁਸ਼ਗਵਾਰ ਨਜ਼ਰ ਆਉਂਦੀ ਹੈ। ਨਿਰਾਸ਼ਾ ਵਿਅਕਤੀ ਦੇ ਅੰਦਰਲੀ ਮੌਲਿਕਤਾ ਨੂੰ ਨਸ਼ਟ ਕਰਕੇ ਉਸ ਨੂੰ ਅਜਿਹੇ ਰਾਹਾਂ 'ਤੇ ਤੋਰ ਦਿੰਦੀ ਹੈ ਜਿਹੜੇ ਕਿਸੇ ਅੰਨ੍ਹੀ ਗੁਫਾ ਵੱਲ ਜਾਂਦੇ ਹੋਣ। ਜ਼ਿੰਦਗੀ ਬਹੁਤ ਵੱਡਮੁੱਲੀ ਤੇ ਖੂਬਸੂਰਤ ਹੈ ਤੇ ਜਦੋਂ ਜਿਊਣ ਦਾ ਸਲੀਕਾ ਤੇ ਸੂਝ ਪੈਦਾ ਹੋ ਜਾਵੇ ਤਾਂ ਇਹ ਹੋਰ ਵੀ ਮਾਨਣ ਯੋਗ ਹੋ ਜਾਂਦੀ ਹੈ।

# ਕਹਾਣੀ

## ਜਾਣੇ ਅਨਜਾਣੇ

-ਹਰਵਿੰਦਰ ਧਾਲੀਵਾਲ-

ਜੋਤੀ ਦਾ ਚੈਕਅੱਪ ਕਰਨ ਤੋਂ ਬਾਅਦ ਡਾਕਟਰ ਨੇ ਦੱਸਿਆ, 'ਘਬਰਾਉਣ ਵਾਲੀ ਕੋਈ ਗੱਲ ਨਹੀਂ, ਬੱਚੀ ਠੀਕ ਹੋ ਜਾਵੇਗੀ।' ਇਹ ਸੁਣ ਕੇ ਜੱਸੀ ਨੇ ਸੁਖਾਵਾਂ ਲੰਮਾ ਸਾਹ ਲਿਆ। ਨਾਲ ਹੀ ਜਿੰਦਰ ਤੇ ਉਸ ਦੇ ਪਤੀ ਨੇ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਕੀਤਾ। ਆਪਣੇ ਕੈਬਿਨ ਵੱਲ ਜਾਂਦਾ ਡਾਕਟਰ ਜੱਸੀ ਨੂੰ ਆਪਣੇ ਕੈਬਿਨ ਵਿੱਚ ਆਉਣ ਵਾਸਤੇ ਕਹਿ ਗਿਆ ਸੀ।

'ਤੁਸੀਂ ਬਿਨਾਂ ਕਿਸੇ ਲੁਕੋ ਦੇ ਇਸ ਬੱਚੀ ਬਾਰੇ ਜੋ ਵੀ ਮੈਂ ਪੁੱਛਾਂ, ਉਸ ਦਾ ਸਹੀ-ਸਹੀ ਉਤਰ ਦੇਣਾ, ਕਿਉਂਕਿ ਤੁਹਾਡੇ ਸਹੀ ਉਤਰਾਂ ਵਿੱਚ ਹੀ ਇਸ ਦਾ ਇਲਾਜ ਛੁਪਿਆ ਹੋਇਆ ਹੈ।' ਡਾਕਟਰ ਨੇ ਕਿਹਾ।

ਜੱਸੀ ਨੇ ਕੈਬਿਨ ਵਿੱਚ ਪਈ ਕੁਰਸੀ 'ਤੇ ਬੈਠ ਕੇ ਲੰਮਾ ਸਾਹ ਲਿਆ। ਬਾਹਰ ਬੱਦਲ ਗਰਜਿਆ। ਮੋਟੀਆਂ-ਮੋਟੀਆਂ ਕਣੀਆਂ ਨੇ ਬਾਰੀ ਦੇ ਸ਼ੀਸ਼ੇ ਤੋਂ ਜੰਮੀ ਹੋਈ ਗਰਦ ਲਾਹੁਣੀ ਸ਼ੁਰੂ ਕਰ ਦਿੱਤੀ ਸੀ।

ਜੋਤੀ ਵੱਡੀ ਸੀ ਅਤੇ ਐਮੀ, ਜਿਸ ਦਾ ਪੂਰਾ ਨਾਂ ਅਮਨਿੰਦਰ ਸੀ, ਉਸ ਤੋਂ ਦੋ ਸਾਲ ਛੋਟੀ ਸੀ। ਜੋਤੀ ਹਾਲੇ ਤਿੰਨ ਮਹੀਨਿਆਂ ਦੀ ਸੀ, ਜਦੋਂ ਜੱਸੀ ਨੇ ਉਸ ਨੂੰ ਆਪਣੀ ਇੰਡੀਆ ਰਹਿੰਦੀ ਭੈਣ ਕੋਲ ਪਾਲਣਾ ਹਿੱਤ ਛੱਡ ਦਿੱਤਾ ਸੀ। ਵਿਦੇਸ਼ੀ ਧਰਤੀ 'ਤੇ ਉਹ ਆਪ ਅਤੇ ਉਸ ਦਾ ਪਤੀ ਦੋਵੇਂ ਜਣੇ ਫਿਰ ਤੋਂ ਕਮਾਈ ਕਰਨ ਰੁੱਝ ਗਏ ਸਨ। ਇੰਡੀਆ ਵਾਲੀ ਭੈਣ ਜੱਸੀ ਤੋਂ ਵੱਡੀ ਸੀ। ਉਸ ਦਾ ਨਾਂ ਜਿੰਦਰ ਸੀ। ਜਿੰਦਰ ਹੋਰਾਂ ਦੇ ਵਿਆਹ ਤੋਂ ਦਸ ਬਾਰਾਂ ਸਾਲ ਬਾਅਦ ਤੱਕ ਵੀ ਬੱਚੇ ਦੀ ਉਮੀਦ ਨਹੀਂ ਸੀ ਹੋਈ। ਜੋਤੀ ਦੇ ਆਉਣ ਨਾਲ ਉਨ੍ਹਾਂ ਦਾ ਘਰ ਖੁਸ਼ੀਆਂ ਨਾਲ ਭਰ ਗਿਆ। ਜਿੰਦਰ ਅਤੇ ਉਸ ਦੇ ਪਤੀ ਨੇ ਜੋਤੀ ਦੇ ਪਾਲਣ ਪੋਸ਼ਣ ਵਿੱਚ ਕੋਈ ਕਮੀ ਨਾ ਛੱਡੀ। ਉਸ ਨੂੰ ਇੰਨਾ ਪਿਆਰ ਦਿੱਤਾ ਜਿੰਨਾ ਸ਼ਾਇਦ ਕੋਈ ਆਪਣੀ ਸਕੀ ਔਲਾਦ ਨੂੰ ਨਾ ਦੇ ਸਕੇ। ਚਾਰ ਸਾਲਾਂ ਦੀ ਹੋਣ 'ਤੇ ਜੋਤੀ ਨੂੰ ਇਲਾਕੇ ਦੇ ਵਧੀਆ ਕੌਨਵੈਂਟ ਸਕੂਲ ਵਿੱਚ ਪੜ੍ਹਨ ਪਾ ਦਿੱਤਾ। ਜੋਤੀ ਸੋਹਣੀ ਤਾਂ ਸੀ ਹੀ, ਆਪਣੀਆਂ ਪਿਆਰੀਆਂ-ਪਿਆਰੀਆਂ ਗੱਲਾਂ ਅਤੇ ਸ਼ਰਾਰਤਾਂ ਨਾਲ ਸਭ ਦਾ ਦਿਲ ਮੋਹ ਲੈਂਦੀ। ਗੱਲ ਕੀ, ਉਹ ਜਿੰਦਰ ਦੇ ਪਰਵਾਰ ਵਿੱਚ ਹੀ ਨਹੀਂ, ਸਗੋਂ ਸਕੂਲ ਵਿੱਚ ਵੀ ਸਭ ਦੀ ਚਹੇਤੀ ਸੀ। ਕਦੇ-ਕਦੇ ਉਹ ਆਪਣੀ ਉਮਰ ਤੋਂ ਵੱਧ ਸਿਆਣੀਆਂ ਗੱਲਾਂ ਕਰ ਜਾਂਦੀ।

ਉਧਰ ਜੋਤੀ ਦੇ ਜਨਮ ਤੋਂ ਦੋ ਸਾਲ ਬਾਅਦ ਐਮੀ ਦਾ ਜਨਮ ਹੋਇਆ। ਉਸ ਦਾ ਪਾਲਣ ਪੋਸ਼ਣ ਜੱਸੀ ਨੇ ਆਪ ਹੀ ਕੀਤਾ। ਹਫਤੇ ਵਿੱਚ ਇਕ ਦੋ ਵਾਰ ਉਹ ਇੰਡੀਆ ਫੋਨ ਲਾਉਂਦੇ ਤੇ ਜੋਤੀ ਨਾਲ ਗੱਲਾਂ ਕਰਦੇ। ਇਸ ਦੌਰਾਨ ਉਹ ਦੋ ਵਾਰ ਇੰਡੀਆ ਆ ਕੇ ਮਿਲ ਗਏ ਸਨ। ਜੋਤੀ ਨੂੰ ਜਿੰਦਰ ਵੱਲੋਂ ਰੱਜਵਾਂ ਪਿਆਰ ਮਿਲ ਰਿਹਾ ਸੀ, ਪਰ ਪਤਾ ਨਹੀਂ ਕਿਉਂ ਇਹ ਵੇਖ ਕੇ ਜੱਸੀ ਔਖ ਮਹਿਸੂਸ ਕਰਨ ਲੱਗੀ। ਉਸ ਨੂੰ ਲੱਗਦਾ ਕਿ ਜੋਤੀ ਦੀ ਤੋਤਲੀ ਮੁਹੱਬਤ ਦੀ ਅਸਲ ਹੱਕਦਾਰ ਉਹ ਹੈ। ਉਹੀ ਤਾਂ ਉਸ ਦੀ ਮਾਂ ਹੈ। ਉਸ ਨੂੰ ਲੱਗਦਾ ਕਿ ਜੋਤੀ ਉਸ ਨੂੰ ਓਨਾ ਪਿਆਰ ਨਹੀਂ ਕਰਦੀ, ਜਿੰਨਾ ਜਿੰਦਰ ਨੂੰ ਕਰਦੀ ਹੈ।

ਹਾਲਾਂਕਿ ਇਹ ਕੁਦਰਤੀ ਸੀ ਕਿ ਜਿਸ ਥਾਂ ਬੱਚੇ ਨੇ ਰਹਿਣਾ ਹੈ, ਉਸ ਦਾ ਪਿਆਰ ਉਥੇ ਜ਼ਿਆਦਾ ਹੋਵੇਗਾ। ਜਿੰਦਰ ਤੇ ਉਸ ਦੇ ਪਤੀ ਨੇ ਆਪਣਾ ਫਰਜ਼ ਚੰਗੀ ਤਰ੍ਹਾਂ ਨਿਭਾਇਆ ਸੀ। ਜੋਤੀ ਦਾ ਪਾਲਣ ਪੋਸ਼ਣ ਵਧੀਆ ਢੰਗ ਨਾਲ ਕੀਤਾ ਤੇ ਉਸ ਨੂੰ ਪਿਆਰ ਵੀ ਰੱਜਵਾਂ ਦਿੱਤਾ। ਜੱਸੀ ਨੂੰ ਤਾਂ ਸਗੋਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਸੀ, ਪਰ ਉਹ ਤਾਂ ਇਸ ਨੂੰ ਨਾਂਹ ਪੱਖੀ ਨਜ਼ਰੀਏ ਨਾਲ ਲੈ ਗਈ। ਜਦੋਂ ਜੋਤੀ ਨੂੰ ਉਨ੍ਹਾਂ ਕੋਲ ਛੱਡ ਕੇ ਗਈ ਸੀ ਤਾਂ ਉਦੋਂ ਉਹ ਦੋਵੇਂ ਉਸ ਨੂੰ ਭਲੇ ਇਨਸਾਨ ਲੱਗਦੇ ਸੀ, ਪਰ ਹੁਣ ਅਚਾਨਕ ਹੀ ਜਿੰਦਰ ਹੋਰੀਂ ਉਸ ਨੂੰ ਖਲਨਾਇਕ ਜਾਪਣ ਲੱਗੇ।

ਜੋਤੀ ਛੇ ਸਾਲਾਂ ਦੀ ਹੋ ਚੁੱਕੀ ਸੀ। ਜੱਸੀ ਨੇ ਉਸ ਨੂੰ ਆਪਣੇ ਕੋਲ ਬੁਲਾਉਣ ਦਾ ਫੈਸਲਾ ਕਰ ਲਿਆ। ਉਂਜ ਵੀ ਹੁਣ ਜੋਤੀ ਨੂੰ ਮਾਪਿਆਂ ਕੋਲ ਜਾਣਾ ਪੈਣਾ ਸੀ। ਉਸ ਨੂੰ ਸਥਾਨਕ ਭਾਸ਼ਾ ਵਿੱਚ ਪੜ੍ਹਾਈ ਦੀ ਬੇਹੱਦ ਲੋੜ ਸੀ। ਜਿੰਦਰ ਤੇ ਉਸ ਦੇ ਪਰਵਾਰ ਨੂੰ ਹੁਣ ਜੋਤੀ ਤੋਂ ਵੱਖ ਹੋਣਾ ਬਹੁਤ ਮੁਸ਼ਕਿਲ ਲੱਗਦਾ ਸੀ, ਪਰ ਉਸ ਦੇ ਭਵਿੱਖ ਲਈ ਉਨ੍ਹਾਂ ਨੇ ਖੁਸ਼ੀ-ਖੁਸ਼ੀ ਜੋਤੀ ਨੂੰ ਤੋਰਨ ਦਾ ਫੈਸਲਾ ਕਰ ਲਿਆ। ਉਨ੍ਹਾਂ ਨੇ ਇਸ ਬਾਰੇ ਜੋਤੀ ਨੂੰ ਵੀ ਮਾਨਸਿਕ ਤੌਰ 'ਤੇ ਤਿਆਰ ਕਰਨਾ ਸ਼ੁਰੂ ਕਰ ਦਿੱਤਾ।

ਆਖਰ ਦਿਲ 'ਤੇ ਪੱਥਰ ਰੱਖ ਕੇ ਜੋਤੀ ਨੂੰ ਤੋਰ ਦਿੱਤਾ ਗਿਆ। ਜੇ ਜੱਸੀ ਵੱਲੋਂ ਉਸ ਨੂੰ ਲੈ ਜਾਣ ਵੇਲੇ ਜਿੰਦਰ ਨੂੰ ਧਰਵਾਸਾ ਦਿੱਤਾ ਹੁੰਦਾ ਕਿ 'ਲੈ ਭੈਣੇ, ਤੂੰ ਇਸ ਨੂੰ ਪਾਲਿਆ ਪੋਸਿਆ ਹੈ, ਅਸਲ ਵਿੱਚ ਤਾਂ ਇਹ ਤੇਰੀ ਧੀ ਹੈ, ਤੁਸੀਂ ਜਦੋਂ ਮਰਜ਼ੀ ਫੋਨ ਕਰਿਆ ਕਰੋ, ਜਲਦੀ ਹੀ ਤੁਹਾਨੂੰ ਮਿਲਾ ਕੇ ਲੈ ਜਾਇਆ ਕਰਾਂਗੇ, ਤੁਸੀਂ ਉਦਾਸ ਨਾ ਹੋਇਓ' ਤਾਂ ਜਿੰਦਰ ਦਾ ਦੁੱਖ ਅੱਧਾ ਰਹਿ ਜਾਣਾ ਸੀ। ਇਸ ਦੇ ਉਲਟ ਜੱਸੀ ਨੇ ਇਸ ਤਰ੍ਹਾਂ ਦਾ ਵਿਹਾਰ ਕੀਤਾ ਜਿਵੇਂ ਜਿੰਦਰ ਦੇ ਪਰਵਾਰ ਵਿੱਚ ਰਹਿ ਕੇ ਕੁੜੀ ਭਿੱਟੀ ਗਈ ਹੋਵੇ। ਇਥੇ ਹੀ ਬੱਸ ਨਹੀਂ, ਸਗੋਂ ਉਹ ਹਾਲੇ ਨਿਆਣੀ ਅਤੇ ਬੇਸਮਝ ਜੋਤੀ 'ਤੇ ਵੀ ਅੰਦਰੋਂ ਅੰਦਰੀ ਖਿੱਝਣ ਲੱਗ ਪਈ। ਇਹ ਉਸ ਦੀ ਸੌੜੀ ਸੋਚ ਦਾ ਸਿਖਰ ਹੀ ਸੀ।

ਹੁਣ ਤੱਕ ਜੋਤੀ ਨੂੰ ਥੋੜ੍ਹਾ-ਥੋੜਾ ਪਤਾ ਲੱਗ ਗਿਆ ਸੀ ਕਿ ਉਸ ਦੇ ਅਸਲ ਮਾਂ ਬਾਪ ਜੱਸੀ ਅਤੇ ਨਵਦੀਪ ਹਨ, ਐਮੀ ਉਸ ਦਾ ਭਰਾ ਹੈ। ਜਿੰਦਰ ਹੋਰਾਂ ਨੂੰ ਛੱਡਣ ਲੱਗਿਆਂ ਉਹ ਰੋਈ ਬਹੁਤ ਸੀ, ਪਰ ਇਥੇ ਆ ਕੇ ਜਲਦੀ ਹੀ ਉਸ ਨੇ ਦਿਲ ਲਾ ਲਿਆ। ਇਸ ਮਗਰੋਂ ਛੇਤੀ ਹੀ ਉਸ ਨੂੰ ਲੱਗਣ ਲੱਗਿਆ ਕਿ ਇਥੇ ਉਸ ਦਾ ਕੋਈ ਆਪਣਾ ਨਹੀਂ ਹੈ, ਸਿਵਾਏ ਨਵਦੀਪ ਦੇ। ਐਮੀ, ਜੋ ਉਸ ਦਾ ਸਕਾ ਭਰਾ ਸੀ, ਉਸ ਨਾਲ ਬੇਵਜ੍ਹਾ ਲੜਦਾ ਰਹਿੰਦਾ। ਅਸਲ ਵਿੱਚ ਐਮੀ ਦਾ ਬਾਲ ਮਨ ਜੋਤੀ ਨੂੰ ਇਸ ਘਰ ਦਾ ਜੀਅ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਸੀ। ਉਸ ਨੂੰ ਲੱਗਦਾ ਜਿਵੇਂ ਉਸ ਦੀ ਸਲਤਨਤ ਵੰਡੀ ਗਈ ਹੋਵੇ। ਸਲਤਨਤ ਦੇ ਨਵੇਂ ਹਿੱਸੇਦਾਰ ਨੂੰ ਪ੍ਰਵਾਨ ਕਰਨਾ ਉਸ ਲਈ ਬੇਹੱਦ ਔਖਾ ਸੀ। ਐਮੀ ਘਰ ਦੀ ਹਰ ਚੀਜ਼ 'ਤੇ ਆਪਣਾ ਹੱਕ ਜਤਾਉਂਦਾ ਸੀ। ਜਦ ਕਦੇ ਜੋਤੀ ਉਸ ਦੇ ਖਿਡੌਣਿਆਂ ਨਾਲ ਖੇਡਣ ਲੱਗਦੀ ਤਾਂ ਉਹ ਉਸ ਤੋਂ ਖਿਡਾਉਣੇ ਖੋਹ ਲੈਂਦਾ। ਜੋਤੀ ਖਿਡੌਣੇ ਲੈਣ ਦੀ ਜ਼ਿੱਦ ਕਰਦੀ ਤਾਂ ਉਹ ਉਸ ਨੂੰ ਮਾਰਦਾ। ਜੋਤੀ ਰੋਣ ਲੱਗਦੀ। ਇਸ ਸਭ ਕੁਝ ਦੌਰਾਨ ਜੱਸੀ, ਐਮੀ ਦਾ ਹੀ ਪੱਖ ਲੈਂਦੀ। ਹਾਲਾਂਕਿ ਗਲਤੀ ਐਮੀ ਦੀ ਹੁੰਦੀ, ਪਰ ਉਹ ਜੋਤੀ ਨੂੰ ਘੂਰਦੀ। ਕਦੇ-ਕਦੇ ਥੱਪੜ ਵੀ ਜੜ ਦਿੰਦੀ, ਪਰ ਐਮੀ ਨੂੰ ਕਦੇ ਕੁਝ ਨਾ ਕਹਿੰਦੀ। ਜੱਸੀ ਉਸ ਨੂੰ ਘਰ ਦੇ ਕੰਮਾਂ ਵਿੱਚ ਮਦਦ ਲਈ ਕਹਿੰਦੀ। ਜੇ ਕੋਈ ਕੰਮ ਜੋਤੀ ਤੋਂ ਖਰਾਬ ਹੋ ਜਾਂਦਾ ਤਾਂ ਉਸ ਦੀ ਸ਼ਾਮਤ ਆ ਜਾਂਦੀ। ਇਕ ਦਿਨ ਜੱਸੀ ਨੇ ਐਮੀ ਦੀ ਪੋਟੀ ਸਾਫ ਕਰਨ ਲਈ ਜੋਤੀ ਨੂੰ ਕਿਹਾ। ਜੋਤੀ ਨੂੰ ਬਹੁਤ ਕਚਿਆਣ ਆਈ, ਪਰ ਡਰਦੀ ਮਾਰੀ ਗੀਜ਼ਰ ਵਿੱਚੋਂ ਗਰਮ ਪਾਣੀ ਲੈ ਕੇ ਉਸ ਨੂੰ ਸਾਫ ਕਰਨ ਲੱਗੀ ਤਾਂ ਪਾਣੀ ਜ਼ਿਆਦਾ ਗਰਮ ਹੋਣ ਕਰਕੇ ਐਮੀ ਰੋਣ ਲੱਗ ਪਿਆ। ਇਸ 'ਤੇ ਜੱਸੀ ਨੇ ਜ਼ੋਰ-ਜ਼ੋਰ ਨਾਲ ਜੋਤੀ ਦੀ ਗਿੱਚੀ ਵਿੱਚ ਚਪੇੜਾਂ ਧਰ ਦਿੱਤੀਆਂ।

ਉਸ ਦਿਨ ਜੋਤੀ ਬਹੁਤ ਰੋਈ ਸੀ। ਉਸ ਨੂੰ ਇੰਡੀਆ ਵਾਲੀ ਮੰਮੀ ਬਹੁਤ ਯਾਦ ਆਈ ਸੀ, ਜੋ ਉਸ ਦੀ ਹਰ ਨਿੱਕੀ-ਨਿੱਕੀ ਗੱਲ ਦਾ ਖਿਆਲ ਰੱਖਦੀ ਸੀ। ਇਥੇ ਤਾਂ ਬਸ ਉਸ ਦੇ ਡੈਡੀ ਹੀ ਸਨ, ਜੋ ਉਸ ਨਾਲ ਪਿਆਰ ਨਾਲ ਗੱਲ ਕਰਦੇ ਸਨ। ਇੰਡੀਆ ਭਾਵੇਂ ਉਹ ਪੜ੍ਹਾਈ ਵਿੱਚ ਬਹੁਤ ਤੇਜ਼ ਸੀ, ਹੁਣ ਉਸ ਦਾ ਪੜ੍ਹਨ ਵਿੱਚ ਮਨ ਨਾ ਲੱਗਦਾ। ਉਹ ਕਮਰੇ ਦੇ ਇਕ ਖੂੰਜੇ ਲੱਗ ਕੇ ਬੈਠ ਜਾਂਦੀ ਤੇ ਕਿੰਨਾ-ਕਿੰਨਾ ਚਿਰ ਪਤਾ ਨਹੀਂ ਕੀ-ਕੀ ਸੋਚਦੀ ਰਹਿੰਦੀ। ਉਹ ਬਹੁਤ ਇਕੱਲੀ ਮਹਿਸੂਸ ਕਰਦੀ। ਕਦੇ-ਕਦੇ ਉਹ ਕਿਸੇ ਮਾੜੀ ਜਿਹੀ ਗੱਲ ਤੋਂ ਜਾਂ ਬਿਨਾਂ ਕਿਸੇ ਗੱਲ ਤੋਂ ਹੀ ਰੋਣ ਲੱਗ ਜਾਂਦੀ ਤੇ ਕਿੰਨਾ-ਕਿੰਨਾ ਚਿਰ ਰੋਂਦੀ ਰਹਿੰਦੀ। ਉਸ ਦਾ ਇੰਡੀਆ ਵਾਲਾ ਚੁਲਬੁਲਾਪਣ ਕਿਧਰੇ ਗੁੰਮ ਹੋ ਗਿਆ ਸੀ। ਬਸ ਚੁੱਪ-ਚੁੱਪ ਰਹਿੰਦੀ ਜਾਂ ਆਪਣੇ ਡੈਡੀ ਦੇ ਕੰਮ ਤੋਂ ਪਰਤ ਆਉਣ ਨੂੰ ਉਡੀਕਦੀ ਰਹਿੰਦੀ। ਨਵਦੀਪ ਆਉਣ ਸਾਰ ਪਹਿਲਾਂ ਉਸ ਨੂੰ ਪਿਆਰ ਕਰਦਾ ਸੀ। ਜੱਸੀ ਨੂੰ ਲੱਗਦਾ ਕਿ ਜੋਤੀ ਹੁਣ ਢੀਠ ਬਣ ਗਈ ਹੈ। ਉਹ ਹੁਣ ਉਸ ਦੀ ਆਖੀ ਗੱਲ 'ਤੇ ਵੀ ਧਿਆਨ ਨਹੀਂ ਸੀ ਦਿੰਦੀ। ਜੱਸੀ ਉਸ ਨੂੰ ਹੋਰ ਜ਼ਿਆਦਾ ਘੂਰਦੀ ਤਾਂ ਜੋਤੀ ਰੋਣ ਲੱਗ ਜਾਂਦੀ। ਇਹ ਗੱਲ ਨਹੀਂ ਸੀ ਜੱਸੀ ਉਸ ਨੂੰ ਪਿਆਰ ਨਹੀਂ ਸੀ ਕਰਦੀ, ਪਰ ਉਹ ਜਾਣੇ ਅਣਜਾਣੇ ਹਰ ਗੱਲ ਵਿੱਚ ਐਮੀ ਨੂੰ ਪਹਿਲ ਦਿੰਦੀ ਅਤੇ ਜੋਤੀ ਨੂੰ ਹਮੇਸ਼ਾ ਦੂਜੇ ਨੰਬਰ 'ਤੇ ਰੱਖਦੀ ਸੀ।

'ਜ਼ਰਾ ਗੱਲ ਸੁਣਿਓ, ਰਾਤ ਮੈਂ ਇਹ ਅਲਮਾਰੀ ਵਿੱਚ ਪੈਸੇ ਰੱਖੇ ਸੀ, ਤੁਸੀਂ ਤਾਂ ਨ੍ਹੀਂ ਲਿਆ ਪੰਜ ਸੌ ਡਾਲਰ ਵਿੱਚੋਂ?' ਜੱਸੀ ਨੇ ਅਲਮਾਰੀ ਫਰੋਲਦੀ ਨੇ ਇਕ ਦਿਨ ਨਵਦੀਪ ਨੂੰ ਪੁੱਛਿਆ।

'ਨਾ ਮੈਂ ਤਾਂ ਨਹੀਂ ਲਿਆ, ਕਿਉਂ ਕੀ ਹੋਇਆ? ਘੱਟ ਨੇ?' ਨਵਦੀਪ ਨੇ ਪੁੱਛਿਆ।

'ਹਾਂ, ਵੇਖਿਓ ਨਾ ਮੈਂ ਗਿਣ ਕੇ ਪੂਰੇ ਰੱਖੇ ਸੀ, ਪਰ ਹੁਣ ਘੱਟ ਹਨ।'

'ਤੈਨੂੰ ਰਾਤ ਗਿਣਨ ਵਿੱਚ ਭੁਲੇਖਾ ਲੱਗਿਆ ਹੋਵੇਗਾ।'

ਜੱਸੀ ਕੁਝ ਦੇਰ ਹੋਰ ਭਾਲਦੀ ਰਹੀ। ਫਿਰ ਉਸ ਨੂੰ ਵੀ ਲੱਗਿਆ ਕਿ ਉਸ ਨੂੰ ਰਾਤ ਗਿਣਨ ਵਿੱਚ ਹੀ ਭੁਲੇਖਾ ਲੱਗਿਆ ਹੋਵੇਗਾ। ਉਹ ਜਿਥੇ ਰਹਿੰਦੇ ਸਨ, ਮਕਾਨ ਦੇ ਕੋਲ ਹੀ ਛੋਟਾ ਬਾਜ਼ਾਰ ਸੀ। ਇਕ ਦਿਨ ਜੱਸੀ ਨੇ ਜੋਤੀ ਨੂੰ ਕੋਈ ਸਾਮਾਨ ਲੈਣ ਲਈ ਬਾਜ਼ਾਰ ਭੇਜਿਆ। ਕਦੇ ਕਦਾਈ ਪਹਿਲਾਂ ਵੀ ਉਹ ਇਕੱਲੀ ਬਾਜ਼ਾਰ ਚਲੀ ਜਾਂਦੀ ਸੀ। ਸਾਮਾਨ ਵਿੱਚੋਂ ਬਾਕੀ ਬਚੇ ਤਿੰਨ ਸੌ ਡਾਲਰ ਜੋਤੀ ਜਦ ਜੱਸੀ ਨੂੰ ਫੜਾਉਣ ਲੱਗੀ ਤਾਂ ਰੁੱਝੀ ਹੋਣ ਕਾਰਨ ਜੱਸੀ ਨੇ ਜੋਤੀ ਨੂੰ ਪੈਸੇ ਪਰਸ ਪਾਉਣ ਨੂੰ ਕਹਿ ਦਿੱਤਾ। ਕੁਝ ਚਿਰ ਬਾਅਦ ਹੀ ਜੱਸੀ ਨੂੰ ਪੈਸਿਆਂ ਦੀ ਲੋੜ ਪਈ। ਉਸ ਨੇ ਪਰਸ ਵੇਖਿਆ ਤਾਂ ਸੌ ਡਾਲਰ ਘੱਟ। ਜੋਤੀ ਤੋਂ ਪੁੱਛਿਆ ਤਾਂ ਉਹ ਕਹਿੰਦੀ, 'ਮੈਂ ਤਾਂ ਪੂਰੇ ਪਾਏ ਹਨ ਪਰਸ ਵਿੱਚ।' ਜੱਸੀ ਨੂੰ ਸ਼ੱਕ ਹੋਇਆ। ਉਸ ਨੇ ਜੋਤੀ ਦਾ ਸਕੂਲ ਬੈਗ ਚੈਕ ਕੀਤਾ ਤਾਂ ਬੈਗ ਵਿੱਚੋਂ ਬਹੁਤ ਸਾਰੇ ਡਾਲਰ ਨਿਕਲ ਆਏ। ਉਸ ਦਿਨ ਜੱਸੀ ਨੇ ਜੋਤੀ ਨੂੰ ਬਹੁਤ ਕੁੱਟਿਆ।

ਹੁਣ ਐਮੀ ਉਸ ਨੂੰ ਚੋਰਟੀ-ਚੋਰਟੀ ਕਹਿ ਕੇ ਚਿੜਾਉਣ ਲੱਗ ਪਿਆ ਸੀ। ਜੱਸੀ ਨੇ ਇੰਡੀਆ ਜਿੰਦਰ ਹੋਰਾਂ ਨੂੰ ਫੋਨ ਲਾਇਆ ਤੇ ਦੱਸਿਆ ਕਿ ਜੋਤੀ ਦੀਆਂ ਆਦਤਾਂ ਬਹੁਤ ਵਿਗੜ ਗਈਆਂ ਹਨ। ਤੁਸੀਂ ਹੀ ਇਸ ਨੂੰ ਕੁਝ ਸਮਝਾਓ। ਸੁਣ ਕੇ ਜਿੰਦਰ ਦਾ ਕਲੇਜਾ ਨਿਕਲ ਗਿਆ। ਹਾਲਾਂਕਿ ਹੁਣ ਤੱਕ ਪਰਮਾਤਮਾ ਨੇ ਉਨ੍ਹਾਂ ਨੂੰ ਜੌੜੇ ਬੱਚਿਆਂ ਦੀ ਨਿਆਮਤ ਨਾਲ ਨਿਵਾਜ਼ ਦਿੱਤਾ ਸੀ, ਪਰ ਹੁਣ ਵੀ ਉਹ ਜੋਤੀ ਨੂੰ ਬਹੁਤ ਪਿਆਰ ਕਰਦੇ ਸਨ। ਜਿੰਦਰ ਨੇ ਜੋਤੀ ਨਾਲ ਫੋਨ 'ਤੇ ਗੱਲ ਕੀਤੀ। ਜੋਤੀ ਰੋਣ ਲੱਗ ਪਈ। ਬਹੁਤ ਰੋਈ। ਕਹਿੰਦੀ, 'ਮੰਮੀ, ਮੈਨੂੰ ਜੱਸੀ ਮੰਮੀ ਬਿਲਕੁਲ ਪਿਆਰ ਨਹੀਂ ਕਰਦੇ। ਮੈਂ ਬੱਸ ਮਰ ਹੀ ਜਾਣਾ ਹੈ।' ਜਿੰਦਰ ਨੇ ਬਹੁਤ ਸਮਝਾਇਆ, ਪਰ ਉਹ ਰੋਣੋਂ ਨਹੀਂ ਹਟੀ। ਕੁਝ ਦਿਨਾਂ ਬਾਅਦ ਫਿਰ ਜੱਸੀ ਦਾ ਫੋਨ ਆਇਆ। ਉਸ ਨੇ ਦੱਸਿਆ ਕਿ ਜੋਤੀ ਨੂੰ ਦੌਰੇ ਪੈਣ ਲੱਗ ਪਏ ਹਨ। ਬਸ ਗੁੰਮ ਹੀ ਹੋ ਜਾਂਦੀ ਹੈ। ਹੁਣ ਤੱਕ ਤਿੰਨ ਦੌਰੇ ਪੈ ਚੁੱਕੇ ਹਨ।

ਜਿੰਦਰ ਨੇ ਆਪਣੇ ਪਤੀ ਨੂੰ ਸਥਿਤੀ ਤੋਂ ਜਾਣੂੰ ਕਰਵਾਇਆ। ਜਿੰਦਰ ਦੇ ਪਤੀ ਨੇ ਮਨੋਵਿਗਿਆਨ ਦੀ ਪੜ੍ਹਾਈ ਕੀਤੀ ਸੀ। ਉਹ ਸਾਰੀ ਸਥਿਤੀ ਸਮਝਦਾ ਸੀ। ਉਸ ਨੂੰ ਪਤਾ ਸੀ ਕਿ ਜੋਤੀ ਅਤੇ ਜੱਸੀ ਦੋਵਾਂ ਨੂੰ ਕਿਸੇ ਮਨੋਰੋਗਾਂ ਦੇ ਮਾਹਰ ਡਾਕਟਰ ਤੋਂ ਇਲਾਜ ਅਤੇ ਸਲਾਹ ਦੀ ਲੋੜ ਸੀ। ਉਸ ਨੇ ਨਵਦੀਪ ਨੂੰ ਫੋਨ ਕੀਤਾ ਕਿ ਉਹ ਜੋਤੀ ਨੂੰ ਲੈ ਕੇ ਇੰਡੀਆ ਆ ਜਾਣ। ਆਪ ਉਸ ਨੇ ਲੁਧਿਆਣੇ ਇਕ ਚੰਗੇ ਮਨੋਰੋਗ ਮਾਹਰ ਡਾਕਟਰ ਤੋਂ ਮਿਲਣ ਦਾ ਸਮਾਂ ਲੈ ਲਿਆ।

ਬਾਹਰ ਮੀਂਹ ਹਟ ਗਿਆ ਸੀ। ਬਾਰੀ ਦਾ ਸ਼ੀਸ਼ਾ ਧੋਤੇ ਜਾਣ ਤੋਂ ਬਾਅਦ ਕਿੰਨਾ ਸਾਫ ਹੋ ਗਿਆ ਸੀ!

'ਤੁਸੀਂ ਆਪਣੀ ਬੇਟੀ ਨੂੰ ਕਿੰਨਾ ਕੁ ਪਿਆਰ ਕਰਦੇ ਹੋ?' ਡਾਕਟਰ ਨੇ ਜੱਸੀ ਵੱਲ ਵੇਖਦੇ ਹੋਏ ਪੁੱਛਿਆ।

'ਬਹੁਤ ਪਿਆਰ ਕਰਦੀ ਹਾਂ ਡਾਕਟਰ ਸਾਹਿਬ, ਬੇਹੱਦ ਪਿਆਰ ਕਰਦੀ ਹਾਂ। ਕਿਹੜੀ ਮਾਂ ਆਪਣੇ ਬੱਚੇ ਨੂੰ ਪਿਆਰ ਨਹੀਂ ਕਰਦੀ,' ਜੱਸੀ ਦੇ ਹੰਝੂ ਵਹਿ ਤੁਰੇ।

'...ਤਾਂ ਮੇਰੀ ਗੱਲ ਧਿਆਨ ਨਾਲ ਸੁਣੋ। ਤੁਸੀਂ ਅੱਜ ਤੋਂ ਆਪਣੇ ਦੋਵਾਂ ਬੱਚਿਆਂ ਵਿੱਚ ਕੋਈ ਫਰਕ ਨਹੀਂ ਰੱਖਣਾ। ਜੇ ਮੁੰਡਾ ਕੋਈ ਗਲਤੀ ਕਰਦਾ ਹੈ ਤਾਂ ਉਸ ਨੂੰ ਵੀ ਬਰਾਬਰ ਸਜ਼ਾ ਦਿਓ ਤੇ ਦੋਵਾਂ ਨੂੰ ਬਰਾਬਰ ਪਿਆਰ ਦਿਓ, ਜਿਸ ਦੇ ਉਹ ਹੱਕਦਾਰ ਹਨ, ਦੋਵਾਂ ਦੀਆਂ ਲੋੜਾਂ ਵੱਲ ਬਰਾਬਰ ਧਿਆਨ ਦਿਓ, ਬੱਚੀ ਦਾ ਵਿਸ਼ਵਾਸ ਜਿੱਤੋ। ਥੋੜ੍ਹੀ ਬਹੁਤ ਦਵਾਈ, ਜਿੰਨੀ ਕੁ ਦੀ ਲੋੜ ਸੀ, ਮੈਂ ਦੇ ਰਿਹਾ ਹਾਂ, ਪਰ ਇਸ ਨੂੰ ਦਵਾਈ ਨਾਲੋਂ ਜ਼ਿਆਦਾ ਲੋੜ ਤੁਹਾਡੇ ਪਿਆਰ ਦੀ ਹੈ।'

'..ਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿਨ੍ਹਾਂ ਨੇ ਇਸ ਨੂੰ ਭੋਰਾ ਕੁ ਨੂੰ ਪਾਲਿਆ ਪੋਸਿਆ, ਆਪਣੇ ਸੁਖ ਚੈਨ ਦੀ ਪ੍ਰਵਾਹ ਕੀਤੇ ਬਿਨਾਂ ਇਸ ਨੂੰ ਇੰਨਾ ਪਿਆਰ ਦਿੱਤਾ, ਉਨ੍ਹਾਂ ਦੇ ਅਹਿਸਾਨਮੰਦ ਹੋਵੋ, ਉਨ੍ਹਾਂ ਦਾ ਧੰਨਵਾਦ ਕਰੋ ਕਿਉਂਕਿ ਇਸ ਪਿਆਰ ਦਾ ਮੁੱਲ ਪੈਸਾ ਜਾਂ ਦੁਨੀਆ ਦੀ ਕੋਈ ਹੋਰ ਕੀਮਤੀ ਸ਼ੈਅ ਨਹੀਂ ਤਾਰ ਸਕਦੀ।'

ਜੱਸੀ ਦੀਆਂ ਅੱਖਾਂ ਵਿੱਚੋਂ ਪਰਲ-ਪਰਲ ਹੰਝੂ ਵਹਿ ਰਹੇ ਸਨ। ਉਸ ਨੇ ਆਪਣੇ ਇਕ ਪਾਸੇ ਜੋਤੀ ਨੂੰ ਅਤੇ ਇਕ ਪਾਸੇ ਜਿੰਦਰ ਨੂੰ ਘੁੱਟ ਲਿਆ।

# ਹਲਕਾ ਫੁਲਕਾ

ਇੱਕ ਆਦਮੀ ਨੂੰ ਉਸ ਦਾ ਸਹੁਰਾ ਜੁੱਤੀ ਨਾਲ ਕੁੱਟ ਰਿਹਾ ਸੀ।
ਇਹ ਦੇਖ ਕੇ ਇੱਕ ਰਾਹਗੀਰ ਪੁੱਛਣ ਲੱਗਾ, ''ਕਿਉਂ ਮਾਰ ਰਿਹਾ ਏਂ ਇਸ ਨੂੰ?''
ਸਹੁਰਾ, ''ਮੈਂ ਇਸ ਨੂੰ ਹਸਪਤਾਲ ਤੋਂ ਵਟਸਐਪ ਕੀਤਾ ਕਿ ਤੂੰ ਪਿਓ ਬਣ ਗਿਆ ਏਂ, ਸਾਲੇ ਨੇ ਇਹ ਮੈਸੇਜ 50 ਵਿਅਕਤੀਆਂ ਨੂੰ ਫਾਰਵਰਡ ਕਰ ਦਿੱਤਾ।''


*********

ਪਤੀ, ''ਜੇ ਤੇਰੇ ਕੋਲ ਕੋਈ ਹੁਨਰ ਹੈ ਤਾਂ ਉਸ ਹੁਨਰ ਨੂੰ ਕਮਾਈ ਦਾ ਜ਼ਰੀਆ ਬਣਾ।''
ਪਤਨੀ, ''ਮਤਲਬ ਤੁਹਾਡੇ ਨਾਲ ਲੜਨ ਦੇ ਵੀ ਪੈਸੇ ਲਵਾਂ?''

*********

ਪਤਨੀ, ''ਤੁਸੀਂ ਕੋਈ ਵੀ ਕੰਮ ਢੰਗ ਨਾਲ ਨਹੀਂ ਕਰਦੇ।''
ਪਤੀ, ''ਕੀ ਹੋਇਆ, ਮੈਂ ਅਜਿਹਾ ਕੀ ਕਰ ਦਿੱਤਾ?''
ਪਤਨੀ, ''ਤੁਸੀਂ ਕੱਲ੍ਹ ਸਿਲੰਡਰ ਪਤਾ ਨਹੀਂ ਕਿਵੇਂ ਲਾਇਆ, ਕੱਲ੍ਹ ਮੈਂ ਦੋ ਵਾਰ ਦੁੱਧ ਉਬਾਲਿਆ, ਦੋਵੇਂ ਵਾਰ ਫਟ ਗਿਆ।''

# ਗਵਾਂਢ ਵੱਲ ਵੱਟੇ ਮਾਰਨ ਦੀ ਥਾਂ ਪਾਕਿਸਤਾਨੀ ਹਾਕਮਾਂ ਨੂੰ ਆਪਣਾ ਘਰ ਸਾਂਭਣਾ ਚਾਹੀਦੈ



ਜਤਿੰਦਰ ਪੰਨੂ

ਅਸੀਂ ਭਾਰਤ ਦੇ ਲੋਕ ਆਪਣੇ ਦੇਸ਼ ਵਿੱਚ ਹੁੰਦੀ ਹਰ ਗੱਲ ਬਾਰੇ ਆਪਣੀ ਜ਼ਿਮੇਵਾਰੀ ਦੀ ਹੱਦ ਵੀ ਜਾਣਦੇ ਹਾਂ ਅਤੇ ਇਸ ਦੇ ਗਲਤ ਜਾਂ ਠੀਕ ਹਰ ਰੁਝਾਨ ਬਾਰੇ ਪ੍ਰਤੀਕਰਮ ਦੇਣਾ ਵੀ ਜਾਣਦੇ ਹਾਂ। ਕਈ ਮੌਕੇ ਇਹੋ ਜਿਹੇ ਵੀ ਆ ਜਾਂਦੇ ਹਨ, ਜਦੋਂ ਇਹ ਸਮਝਿਆ ਜਾਂਦਾ ਹੈ ਕਿ ਸਰਕਾਰ ਕੁਰਾਹੇ ਵੀ ਪਈ ਹੈ ਅਤੇ ਆਪਣੇ ਖਿਲਾਫ ਟਿਪਣੀ ਕਰਨ ਵਾਲਿਆਂ ਦੇ ਲਈ ਸਖਤੀ ਦਾ ਰਾਹ ਵੀ ਫੜ ਸਕਦੀ ਹੈ ਜਾਂ ਫੜ ਚੁੱਕੀ ਹੈ, ਫਿਰ ਵੀ ਜਿਨ੍ਹਾਂ ਸਿਰ ਇਹੋ ਜਿਹੇ ਹਾਲਾਤ ਵਿੱਚ ਪ੍ਰਤੀਕਰਮ ਦੇਣ ਦੀ ਜ਼ਿਮੇਵਾਰੀ ਹੈ, ਉਹ ਕਦੇ ਆਪਣੀ ਜ਼ਿਮੇਵਾਰੀ ਤੋਂ ਖੁੰਝਦੇ ਨਹੀਂ। ਅਸੀਂ ਇਸ ਤੋਂ ਵੀ ਇਨਕਾਰ ਨਹੀਂ ਕਰਾਂਗੇ ਕਿ ਦੇਸ਼ ਵਿੱਚ ਮੀਡੀਏ ਦਾ ਇੱਕ ਹਿੱਸਾ ਇਸ ਵੇਲੇ ਸਰਕਾਰ ਅਤੇ ਉਸ ਦੇ ਪਿੱਛੇ ਖੜੇ 'ਪਰਵਾਰ' ਦੀ ਤਰਫਦਾਰੀ ਕਰਨ ਨੂੰ ਪੱਬਾਂ ਭਾਰ ਹੋਇਆ ਪਿਆ ਹੈ, ਪਰ ਹਰ ਦੇਸ਼ ਵਿੱਚ ਹਰ ਸਰਕਾਰ ਦੇ ਵਕਤ ਇਸ ਤਰ੍ਹਾਂ ਦਾ ਰੁਝਾਨ ਵੇਖਿਆ ਜਾ ਸਕਦਾ ਹੈ ਤੇ ਇਸ ਉੱਤੇ ਹੈਰਾਨੀ ਨਹੀਂ ਹੋਣੀ ਚਾਹੀਦੀ। ਅੰਗਰੇਜ਼ਾਂ ਵੇਲੇ ਵੀ ਉਨ੍ਹਾਂ ਦੀ ਤਰਫਦਾਰੀ ਕਰਨ ਵਾਲੇ ਮੌਜੂਦ ਸਨ। ਭਾਰਤ ਦੇ ਮੌਜੂਦਾ ਮਾਹੌਲ ਨੂੰ ਕੋਈ ਐਮਰਜੈਂਸੀ ਦੇ ਸਮੇਂ ਨਾਲ ਤੋਲਣ ਦਾ ਯਤਨ ਕਰਦਾ ਹੈ ਤੇ ਕੋਈ ਤਾਨਾਸ਼ਾਹੀ ਨਾਲ ਜੋੜ ਕੇ ਵੇਖ ਰਿਹਾ ਹੈ। ਹਰ ਕਿਸੇ ਨੂੰ ਆਪਣੀ ਅੱਖ ਨਾਲ ਵੇਖਣ ਦਾ ਹੱਕ ਹੈ। ਸਾਡੀ ਨਜ਼ਰ ਵਿੱਚ ਇਹ ਐਮਰਜੈਂਸੀ ਵਰਗਾ ਨਹੀਂ, ਪਰ ਜਿਹੜੀ ਕਿਸਮ ਦਾ ਰਾਜ ਹੈ, ਉਹ ਅਣ-ਐਲਾਨੀ ਐਮਰਜੈਂਸੀ ਦੇ ਨੇੜੇ ਮੰਨਿਆ ਜਾ ਸਕਦਾ ਹੈ। ਤਾਨਾਸ਼ਾਹੀ ਭਾਰਤ ਵਿੱਚ ਆ ਗਈ ਹੋਵੇ, ਅਜੇ ਇਹੋ ਜਿਹੀ ਗੱਲ ਕਹਿਣੀ ਔਖੀ ਹੈ, ਉਂਜ ਇਸ ਦਾ ਖਤਰਾ ਮਹਿਸੂਸ ਕੀਤਾ ਜਾ ਸਕਦਾ ਹੈ।

ਇਹ ਸਭ ਕੁਝ ਸਾਡੇ ਦੇਸ਼ ਨਾਲ ਸੰਬੰਧਤ ਹੈ ਤੇ ਇਸ ਬਾਰੇ ਟਿਪਣੀ ਕਰਨ ਤੋਂ ਸਾਡੇ ਮੀਡੀਏ ਵਿੱਚਲੇ ਜ਼ਿਮੇਵਾਰ ਲੋਕ ਨਾ ਅਜੇ ਤੱਕ ਪਿੱਛੇ ਹਟੇ ਹਨ, ਨਾ ਅੱਗੋਂ ਹੀ ਹਟਣਗੇ, ਪਰ ਅਸੀਂ ਇਸ ਗੱਲ ਨੂੰ ਮਾਨਤਾ ਨਹੀਂ ਦੇ ਸਕਦੇ ਕਿ ਬਾਹਰ ਤੋਂ ਕੋਈ ਤਾਕਤ ਉੱਠ ਕੇ ਭਾਰਤ ਦੇ ਖਿਲਾਫ ਬਾਕਾਇਦਾ ਮੁਹਿੰਮ ਚਲਾਉਣ ਲੱਗ ਪਏ। ਪਾਕਿਸਤਾਨ ਦੀ ਸਰਕਾਰ ਨੇ ਇਸ ਵਕਤ ਇਹੋ ਮੁਹਿੰਮ ਚਲਾਈ ਪਈ ਹੈ ਤੇ ਅਸਲੋਂ ਨਾਜਾਇਜ਼ ਦਖਲ ਦੇ ਰਹੀ ਹੈ। ਇਸ ਹਫਤੇ ਓਥੋਂ ਦੀ ਸਰਕਾਰ ਨੇ ਪੰਜ ਫਰਵਰੀ ਨੂੰ 'ਕਸ਼ਮੀਰ ਡੇਅ' ਮਨਾਇਆ ਹੈ ਤੇ ਉਸ ਦਿਨ ਪ੍ਰਧਾਨ ਮੰਤਰੀ ਇਮਰਾਨ ਖਾਨ ਤੋਂ ਲੈ ਕੇ ਛੋਟੇ-ਵੱਡੇ ਆਗੂਆਂ ਤੱਕ ਨੇ ਭਾਰਤ ਵਿਰੁੱਧ ਰੱਜਵੀਂ ਭੜਾਸ ਕੱਢੀ ਹੈ। ਉਨ੍ਹਾਂ ਨੇ ਕਸ਼ਮੀਰੀ ਲੋਕਾਂ ਨਾਲ ਹਮਦਰਦੀ ਪੇਸ਼ ਕਰਨ ਦੇ ਦਾਅਵੇ ਕਰ ਕੇ ਭਾਰਤ ਦੇ ਖਿਲਾਫ 'ਜਹਾਦ' ਦੇ ਨਾਂਅ ਹੇਠ ਚਲਾਏ ਜਾ ਰਹੇ ਅੱਤਵਾਦ ਦੀ ਵੀ ਹਮਾਇਤ ਕੀਤੀ ਹੈ ਅਤੇ ਇੰਜ ਕਰਨ ਦੇ ਵਕਤ ਉਨ੍ਹਾਂ ਨੇ ਹਕੀਕਤਾਂ ਦਾ ਸ਼ੀਸ਼ਾ ਵੇਖਣ ਦੀ ਕਿਸੇ ਪੱਧਰ ਉੱਤੇ ਵੀ ਲੋੜ ਨਹੀਂ ਸਮਝੀ।

ਪਾਕਿਸਤਾਨ ਨੂੰ ਹਕੀਕਤਾਂ ਦਾ ਸ਼ੀਸ਼ਾ ਵਿਖਾਉਣ ਤੋਂ ਪਹਿਲਾਂ ਅਸੀਂ ਇਹ ਗੱਲ ਸਾਫ ਕਰ ਦੇਈਏ ਕਿ ਇਸ ਵਕਤ ਦੀ ਭਾਰਤ ਸਰਕਾਰ ਨੇ ਜਿਸ ਤਰ੍ਹਾਂ ਪਿਛਲੇ ਪੰਜ ਅਗਸਤ ਨੂੰ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਧਾਰਾ ਤਿੰਨ ਸੌ ਸੱਤਰ ਤੋੜੀ ਸੀ, ਉਸ ਨਾਲ ਅਸੀਂ ਕਦੇ ਸਹਿਮਤ ਨਹੀਂ ਹੋ ਸਕੇ। ਉਸ ਤੋਂ ਬਾਅਦ ਛੇ ਮਹੀਨੇ ਲੰਘ ਜਾਣ ਦੇ ਬਾਵਜੂਦ ਪਾਬੰਦੀਆਂ ਕਾਇਮ ਰੱਖਣ ਦੀ ਵੀ ਅਸੀਂ ਨੁਕਤਾਚੀਨੀ ਕਰ ਰਹੇ ਹਾਂ ਅਤੇ ਹਾਲਾਤ ਸੁਧਰਨ ਤੱਕ ਕਰਦੇ ਰਹਾਂਗੇ।

ਜਿੱਥੋਂ ਤੱਕ ਗਵਾਂਢੀ ਦੇਸ਼ ਪਾਕਿਸਤਾਨ ਦਾ ਸੰਬੰਧ ਹੈ, ਉਸ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਇੱਕ ਕੰਟਰੋਲ ਰੇਖਾ ਏਸੇ ਲਈ ਬਣੀ ਹੋਈ ਹੈ ਕਿ ਉਹ ਓਧਰ ਦਾ ਕੰਟਰੋਲ ਜਿੰਦਾਂ ਵੀ ਸੰਭਾਲਣ, ਭਾਰਤ ਦਖਲ ਦੇਣ ਦੀ ਕੋਸ਼ਿਸ਼ ਨਹੀਂ ਕਰੇਗਾ ਤੇ ਏਧਰ ਦੇ ਮਾਮਲਿਆਂ ਵਿੱਚ ਪਾਕਿ-ਸਤਾਨ ਦਖਲ ਨਹੀਂ ਦੇਵੇਗਾ। ਇੰਦਰਾ ਗਾਂਧੀ ਅਤੇ ਜ਼ੁਲਫਕਾਰ ਅਲੀ ਭੁੱਟੋ ਵਿਚਾਲੇ ਹੋਏ ਸ਼ਿਮਲਾ ਸਮਝੌਤੇ ਵਿੱਚ ਵੀ ਇਹ ਗੱਲ ਕਹੀ ਗਈ ਸੀ ਕਿ ਕੋਈ ਇੱਕ ਦੂਸਰੇ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਹੀਂ ਦੇਵੇਗਾ ਅਤੇ ਕੰਟਰੋਲ ਰੇਖਾ ਦੀ ਸਥਿਤੀ ਨੂੰ ਇੱਕ-ਤਰਫਾ ਤੌਰ ਉੱਤੇ ਬਦਲਣ ਦੀ ਕੋਸ਼ਿਸ਼ ਨਹੀਂ ਕਰੇਗਾ। ਇਸ ਦੇ ਬਾਵਜੂਦ ਪਾਕਿਸਤਾਨ ਨੇ ਕਾਰਗਿਲ ਜੰਗ ਲਾ ਕੇ ਸਥਿਤੀ ਬਦਲਣ ਦਾ ਯਤਨ ਕੀਤਾ ਸੀ। ਉਸ ਨੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਕਦੇ ਕੋਈ ਮੌਕਾ ਨਹੀਂ ਛੱਡਿਆ ਤੇ ਉਸ ਵੱਲੋਂ 'ਕਸ਼ਮੀਰ ਡੇਅ' ਦਾ ਤਮਾਸ਼ਾ ਕਰਨਾ ਵੀ ਅਸਲ ਵਿੱਚ ਭਾਰਤ ਦੇ ਮਾਮਲਿਆਂ ਵਿੱਚ ਦਖਲ ਦੇਣ ਦਾ ਨਮੂਨਾ ਹੈ।

ਸਾਰੀ ਦੁਨੀਆ ਜਾਣਦੀ ਹੈ ਕਿ ਬ੍ਰਿਟੇਨ ਦੀ ਸਰਕਾਰ ਨੇ ਜਾਣ ਵੇਲੇ ਭਾਰਤ ਅਤੇ ਪਾਕਿਸਤਾਨ ਦੋ ਦੇਸ਼ ਬਣਾਉਣ ਦੇ ਨਾਲ ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਇਹ ਖੁੱਲ੍ਹ ਦੇ ਦਿੱਤੀ ਸੀ ਕਿ ਉਹ ਦੋਵਾਂ ਵਿੱਚੋਂ ਕਿਸੇ ਵੀ ਦੇਸ਼ ਨਾਲ ਜੁੜ ਜਾਣ ਜਾਂ ਆਜ਼ਾਦ ਰਿਆਸਤ ਵੀ ਰੱਖਣੀ ਚਾਹੁਣ ਤਾਂ ਰੱਖ ਸਕਦੇ ਹਨ। ਕਸ਼ਮੀਰ ਰਿਆਸਤ ਦੇ ਰਾਜੇ ਨੇ ਬੇਵਕੂਫੀ ਕੀਤੀ ਤੇ ਆਜ਼ਾਦ ਰਹਿਣ ਦਾ ਰਾਹ ਚੁਣਿਆ, ਜਿਸ ਵਿੱਚ ਭਾਰਤ ਨੇ ਦਖਲ ਨਹੀਂ ਸੀ ਦਿੱਤਾ, ਪਰ ਪਾਕਿਸਤਾਨ ਨੇ ਅੰਗਰੇਜ਼ ਫੌਜੀ ਅਫਸਰਾਂ ਨਾਲ ਸਾਜ਼ਿਸ਼ ਕਰ ਕੇ ਕਸ਼ਮੀਰ ਉੱਤੇ ਕਬਜ਼ਾ ਕਰਨ ਲਈ ਹਮਲਾ ਕਰ ਦਿੱਤਾ ਸੀ। ਅੱਧੀ ਰਿਆ-ਸਤ ਪਾਕਿਸਤਾਨ ਦੇ ਹੱਥ ਚੜ੍ਹ ਜਾਣ ਪਿੱਛੋਂ ਕਸ਼ਮੀਰ ਦੇ ਰਾਜੇ ਨੇ ਆਪਣੇ ਕਾਨੂੰਨੀ ਹੱਕ ਦੀ ਵਰਤੋਂ ਕਰ ਕੇ ਆਪਣੀ ਰਿਆਸਤ ਭਾਰਤ ਵਿੱਚ ਸ਼ਮਲ ਕਰਨ ਦਾ ਲਿਖਤੀ ਸਮਝੌਤਾ ਕਰ ਲਿਆ ਅਤੇ ਉਸ ਦਿਨ ਤੋਂ ਇਹ ਰਾਜ ਕਾਨੂੰਨੀ ਤੌਰ ਉੱਤੇ ਭਾਰਤ ਵਿੱਚ ਸ਼ਾਮਲ ਹੈ, ਜਦ ਕਿ ਓਧਰਲਾ ਕਸ਼ਮੀਰ ਨਾਜਾਇਜ਼ ਉੱਤੇ ਪਾਕਿ-ਸਤਾਨ ਨੇ ਕਬਜ਼ੇ ਵਿੱਚ ਕੀਤਾ ਹੋਇਆ ਹੈ। ਇਸ ਦੇ ਬਾਵਜੂਦ ਭਾਰਤ ਵੱਲੋਂ ਕਦੇ ਉਹ ਹਿੱਸਾ ਵਾਪਸ ਲੈਣ ਦੀ ਫੌਜੀ ਕੋਸ਼ਿਸ਼ ਨਹੀਂ ਹੋਈ ਤੇ ਪਾਕਿਸਤਾਨ ਬਾਕੀ ਦਾ ਕਸ਼ਮੀਰ ਵੀ ਹੜੱਪਣ ਦੇ ਇਰਾਦੇ ਹੇਠ ਕਈ ਮੌਕਿਆਂ ਉੱਤੇ ਹਮਲਾਵਰੀ ਕਰ ਚੁੱਕਾ ਹੈ। ਉਸ ਦੀ ਇਹ ਹਮਲਾਵਰੀ ਉਸ ਨੂੰ ਮਹਿੰਗੀ ਵੀ ਪੈਂਦੀ ਰਹੀ ਹੈ।

ਇੱਕ ਮੌਕੇ ਭਾਰਤੀ ਖੇਤਰ ਵਿੱਚ ਪੈਦਾ ਹੋਇਆ ਬੁਰਹਾਨ ਵਾਨੀ ਨਾਂਅ ਦਾ ਮੁੰਡਾ ਭਾਰਤ ਵਿੱਚ ਗੁੰਮਰਾਹ ਹੋ ਕੇ ਕਿਸੇ ਤਰ੍ਹਾਂ ਅੱਤਵਾਦ ਦੇ ਰਾਹ ਪਿਆ ਤੇ ਭਾਰਤੀ ਫੋਰਸਾਂ ਨਾਲ ਲੜਦਾ ਹੋਇਆ ਭਾਰਤੀ ਖੇਤਰ ਵਿੱਚ ਹੀ ਮਾਰਿਆ ਗਿਆ। ਉਸ ਦੀ ਮੌਤ ਉੱਤੇ ਪਾਕਿਸਤਾਨ ਦੀ ਸਰਕਾਰ ਨੇ ਸਾਰੇ ਦੇਸ਼ ਵਿੱਚ ਫੌਜਾਂ ਸਮੇਤ ਹਰ ਕਿਸੇ ਨੂੰ ਸੋਗ ਮਨਾਉਣ ਲਈ ਹੁਕਮ ਛੱਡ ਦਿੱਤਾ, ਜਿਸ ਨਾਲ ਸਾਬਤ ਹੋ ਗਿਆ ਕਿ ਉਹ ਪਾਕਿਸਤਾਨੀ ਏਜੰਟ ਵਜੋਂ ਕੰਮ ਕਰਦਾ ਮਾਰਿਆ ਗਿਆ ਸੀ।

ਇਹੋ ਜਿਹੇ ਕਈ ਹੋਰ ਮੌਕੇ ਵੀ ਆਉਂਦੇ ਰਹੇ ਹਨ ਤੇ ਜਦੋਂ ਪਿਛਲੇ ਸਾਲ ਭਾਰਤ ਸਰਕਾਰ ਨੇ ਜੰਮੂ-ਕਸ਼ਮੀਰ ਲਈ ਵਿਸ਼ੇਸ਼ ਦਰਜੇ ਦੀ ਧਾਰਾ ਤਿੰਨ ਸੌ ਸੱਤਰ ਖਤਮ ਕੀਤੀ ਤਾਂ ਓਦੋਂ ਤੋਂ ਪਾਕਿਸਤਾਨ ਸਰਕਾਰ ਨੇ ਸੰਸਾਰ ਭਰ ਵਿੱਚ ਮੁਹਿੰਮ ਹੀ ਚਲਾ ਦਿੱਤੀ ਹੈ। ਉਨ੍ਹਾਂ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਦੁਨੀਆ ਭਰ ਦੇ ਦੌਰੇ ਇਸ ਮਕਸਦ ਲਈ ਕੀਤੇ ਕਿ ਇਸ ਮਾਮਲੇ ਵਿੱਚ ਪਾਕਿਸਤਾਨ ਦੀ ਹਮਾਇਤ ਵਿੱਚ ਦੂਸਰੇ ਦੇਸ਼ਾਂ ਨੂੰ ਖੜਾ ਕੀਤਾ ਜਾ ਸਕੇ, ਪਰ ਉਸ ਨਾਲ ਚੀਨ ਸਮੇਤ ਸਿਰਫ ਤਿੰਨ ਦੇਸ਼ ਹੀ ਖੜੇ ਹੋ ਸਕੇ, ਬਾਕੀ ਦੁਨੀਆ ਪਾਕਿਸਤਾਨ ਦੇ ਜਾਲ ਵਿੱਚ ਨਹੀਂ ਫਸੀ। ਉਹ ਸਾਰੇ ਦੇਸ਼ ਇਹ ਗੱਲ ਜਾਣਦੇ ਹਨ ਕਿ ਪਾਕਿਸਤਾਨ ਇਸ ਕੰਮ ਦੇ ਬਹਾਨੇ ਅੱਤਵਾਦ ਦੀ ਭੱਠੀ ਚੱਲਦੀ ਰੱਖਣ ਦੇ ਯਤਨ ਵਿੱਚ ਹੈ।

ਦੂਸਰੇ ਪਾਸੇ ਦੁਨੀਆ ਦੇ ਦੇਸ਼ ਇਹ ਵੀ ਜਾਣਦੇ ਹਨ ਕਿ ਪਾਕਿਸਤਾਨ ਵਿੱਚ ਆਰਥਿਕਤਾ ਦਾ ਬਹੁਤ ਬੁਰਾ ਹਾਲ ਹੈ ਤੇ ਇਹ ਦੇਸ਼ ਹਰ ਕਿਸੇ ਦੇਸ਼ ਅੱਗੇ ਚਾਰ ਛਿੱਲੜ ਲੈਣ ਲਈ ਝੋਲੀ ਫੈਲਾਉਂਦਾ ਰਹਿੰਦਾ ਹੈ। ਦੁਨੀਆ ਦੇ ਦੇਸ਼ਾਂ ਵਾਲੇ ਇਸ ਪੱਖ ਤੋਂ ਉਸ ਦੀ ਮਦਦ ਇਸ ਕਰ ਕੇ ਨਹੀਂ ਕਰਦੇ ਕਿ ਜਿਹੜਾ ਪੈਸਾ ਪਾਕਿਸਤਾਨ ਵਿੱਚ ਗਿਆ, ਉਹ ਲੋਕਾਂ ਦੇ ਭਲੇ ਵਾਲੇ ਕੰਮਾਂ ਵਿੱਚ ਲਾਉਣ ਤੋਂ ਪਹਿਲਾਂ ਉਸ ਦਾ ਦਸਵੰਧ ਅੱਤਵਾਦੀ ਜਥੇਬੰਦੀਆਂ ਨੂੰ ਚੱਲਦੀਆਂ ਰੱਖਣ ਲਈ ਕੱਢਿਆ ਜਾਵੇਗਾ ਤੇ ਇਸ ਦਾ ਖਮਿਆਜ਼ਾ ਕਿਸੇ ਨਾ ਕਿਸੇ ਰੂਪ ਵਿੱਚ ਉਨ੍ਹਾਂ ਨੂੰ ਵੀ ਭੁਗਤਣਾ ਪਵੇਗਾ। ਇਹ ਗੱਲ ਦੁਨੀਆ ਦੇ ਦੇਸ਼ ਜਾਣਦੇ ਹਨ ਕਿ ਪਾਕਿਸਤਾਨ ਦੇ ਲੋਕਾਂ ਦੀ ਕਿੰਨੀ ਮੰਦੀ ਹਾਲਤ ਹੈ, ਪਰ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਇਸ ਪਾਸੇ ਧਿਆਨ ਦੇਣ ਤੋਂ ਵੱਧ ਭਾਰਤ ਵਿਰੋਧੀ ਲਾਮਬੰਦੀ ਕਰਨ ਲਈ ਆਪਣੇ ਖਜ਼ਾਨੇ ਦੀ ਬਾਕੀ ਬਚਦੀ ਛੱਲੀ-ਪੂਣੀ ਵੀ ਵੇਚਣ ਤੋਂ ਨਹੀਂ ਹਟਦਾ। ਇਸ ਹਫਤੇ ਉਸ ਨੇ ਮਲੇਸ਼ੀਆ ਤੱਕ ਪਹੁੰਚ ਦੌਰਾਨ ਸਖੀ-ਦਾਤਿਆਂ ਵਾਲੀ ਪੇਸ਼ਕਸ਼ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ ਕਿ ਉਸ ਦੇਸ਼ ਦਾ ਪਾਮ ਆਇਲ, ਜਿਹੜਾ ਕੱਲ੍ਹ ਤੱਕ ਭਾਰਤ ਖਰੀਦਦਾ ਸੀ ਤੇ ਅੱਜ ਕੱਲ੍ਹ ਲੈਣਾ ਬੰਦ ਕਰ ਦਿੱਤਾ ਹੈ, ਸਾਰੇ ਦਾ ਸਾਰਾ ਪਾਕਿਸਤਾਨ ਖਰੀਦ ਲਵੇਗਾ। ਮਲੇਸ਼ੀਆ ਦਾ ਪਾਮ ਆਇਲ ਜਿੰਨਾ ਪਿਛਲੇ ਸਮੇਂ ਵਿੱਚ ਪਾਕਿ-ਸਤਾਨ ਖਰੀਦ ਰਿਹਾ ਸੀ, ਭਾਰਤ ਉਸ ਤੋਂ ਤਿੰਨ ਗੁਣਾਂ ਖਰੀਦਦਾ ਸੀ, ਜਦੋਂ ਉਹ ਸਾਰਾ ਤੇਲ ਪਾਕਿਸਤਾਨ ਲੈ ਲਵੇਗਾ ਤਾਂ ਆਪਣੀ ਲੋੜ ਤੋਂ ਵੱਧ ਖਰੀਦ ਕਰ ਕੇ ਉਸ ਦਾ ਕਰੇਗਾ ਕੀ, ਸਿਰਫ ਪੈਸਾ ਹੀ ਫੂਕੇਗਾ ਤੇ ਉਹ ਵੀ ਸਿਰਫ ਇਸ ਲਈ ਕਿ ਮਲੇਸ਼ੀਆ ਨੂੰ ਭਾਰਤ ਦੇ ਵਿਰੋਧ ਵਿੱਚ ਆਪਣੇ ਨਾਲ ਰੱਖਣਾ ਹੈ। ਇਮਰਾਨ ਖਾਨ ਦੀ ਇਸ ਹਮਾਕਤ ਦਾ ਖਮਿਆਜ਼ਾ ਉਸ ਦੇ ਦੇਸ਼ ਦੇ ਲੋਕ ਜਦੋਂ ਭੁਗਤਣਗੇ ਤਾਂ ਦੇਸ਼ ਦੀ ਹਾਲਤ ਹੋਰ ਵੀ ਮੰਦੀ ਤੋਂ ਮੰਦੀ ਹੁੰਦੀ ਜਾਵੇਗਾ, ਪਰ ਉਸ ਨੂੰ ਇਸ ਦਾ ਫਿਕਰ ਨਹੀਂ।

ਐਨ ਓਦੋਂ, ਜਦੋਂ ਉਸ ਦੇਸ਼ ਵਿੱਚ ਭਾਰਤ ਵਿਚਲੇ ਕਸ਼ਮੀਰ ਦੇ ਲੋਕਾਂ ਨਾਲ ਹਮਦਰਦੀ ਦੇ ਵਿਖਾਲੇ ਵਜੋਂ 'ਕਸ਼ਮੀਰ ਡੇਅ' ਮਨਾਇਆ ਜਾ ਰਿਹਾ ਹੈ, ਉਸ ਦੇਸ਼ ਦੇ ਆਪਣੇ ਕੰਟਰੋਲ ਵਾਲੇ ਕਸ਼ਮੀਰ ਖਿੱਤੇ ਦੀ ਹਾਲਤ ਵੱਲ ਵੇਖਣ ਦੀ ਉਸ ਨੂੰ ਕੋਈ ਜ਼ਰੂਰਤ ਨਹੀਂ ਜਾਪਦੀ। ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦੇ ਲੋਕ ਵੀ ਇੱਕ 'ਕਸ਼ਮੀਰ ਡੇਅ' ਮਨਾਉਂਦੇ ਹਨ ਤੇ ਉਹ ਬਾਈ ਅਕਤੂਬਰ ਨੂੰ ਹੁੰਦਾ ਹੈ, ਜਿਹੜਾ ਪਿਛਲੇ ਬਾਈ ਅਕਤੂਬਰ ਨੂੰ ਵੀ ਮਨਾਇਆ ਗਿਆ ਤੇ ਪਾਕਿਸਾਨੀ ਫੌਜ ਵੱਲੋਂ ਉਨ੍ਹਾਂ ਉੱਤੇ ਉਸ 'ਕਸ਼ਮੀਰ ਡੇਅ' ਵਾਲੇ ਪ੍ਰਦਰਸ਼ਨਾਂ ਦੌਰਾਨ ਚਲਾਈ ਗੋਲੀ ਨਾਲ ਦੋ ਜਣੇ ਮਾਰੇ ਗਏ ਅਤੇ ਕਈ ਹੋਰ ਲੋਕ ਜ਼ਖਮੀ ਹੋਏ ਸਨ। ਓਧਰਲੇ ਕਸ਼ਮੀਰ ਦੇ ਲੋਕ ਬਾਈ ਅਕਤੂਬਰ ਦਾ ਦਿਨ ਇਸ ਵਾਸਤੇ ਮਨਾਉਂਦੇ ਹਨ ਕਿ ਜਦੋਂ ਆਜ਼ਾਦੀ ਮਿਲੀ ਤਾਂ ਉਸ ਤੋਂ ਮਸਾਂ ਸਵਾ ਦੋ ਮਹੀਨੇ ਬਾਅਦ ਬਾਈ ਅਕਤੂਬਰ ਨੂੰ ਉਨ੍ਹਾਂ ਉੱਤੇ ਹਮਲਾ ਕਰ ਕੇ ਪਾਕਿਸਤਾਨੀ ਫੌਜ ਨੇ ਉਸ ਇਲਾਕੇ ਉੱਤੇ ਨਾਜਾਇਜ਼ ਕਬਜ਼ਾ ਕੀਤਾ ਸੀ। ਉਹ ਅੱਜ ਤੱਕ ਉਸ ਦੇਸ਼ ਵਿੱਚ ਰਹਿਣ ਨੂੰ ਤਿਆਰ ਨਹੀਂ। ਸੋਚਣ ਦੀ ਗੱਲ ਹੈ ਕਿ ਕਦੀ ਇਹ ਖਬਰ ਆਈ ਹੀ ਨਹੀਂ ਕਿ ਉਸ ਇਲਾਕੇ ਵਿੱਚ ਚੱਲਦੀ ਪਾਕਿਸਤਾਨ ਤੋਂ ਵੱਖ ਹੋਣ ਤੇ ਫਿਰ ਭਾਰਤ ਨਾਲ ਜੁੜਨ ਦੀ ਲਹਿਰ ਨੂੰ ਭਾਰਤ ਵੱਲੋਂ ਮਦਦ ਕੀਤੀ ਜਾ ਰਹੀ ਹੈ। ਭਾਰਤ ਇਸ ਤਰ੍ਹਾਂ ਇਸ ਲਈ ਨਹੀਂ ਕਰਦਾ ਕਿ ਉਹ ਸ਼ਿਮਲਾ ਸਮਝੌਤੇ ਸਮੇਤ ਹਰ ਵਾਅਦੇ ਅਤੇ ਹਰ ਦਸਤਾਵੇਜ਼ ਉੱਤੇ ਕਾਇਮ ਹੈ ਤੇ ਇਸ ਤਰ੍ਹਾਂ ਦੀ ਸ਼ਰਾਰਤਬਾਜ਼ੀ ਕਰਨ ਦੇ ਨਾਲ ਦੁਨੀਆ ਸਾਹਮਣੇ ਆਪਣੇ ਆਪ ਨੂੰ 'ਪਾਕਿਸਤਾਨ ਵਰਗਾ ਹੀ' ਸਾਬਤ ਨਹੀਂ ਕਰਨਾ ਚਾਹੁੰਦਾ। ਪਾਕਿਸਤਾਨੀ ਲੀਡਰਾਂ ਦਾ ਉਸ ਦੇਸ਼ ਦੀ ਕਾਇਮੀ ਤੋਂ ਲੈ ਕੇ ਅੱਜ ਤੱਕ ਦਾ ਵਿਹਾਰ ਉਨ੍ਹਾਂ ਤੱਕ ਸੀਮਤ ਹੈ, ਭਾਰਤ ਨੇ ਇਸ ਦੀ ਇਨਫੈਕਸ਼ਨ ਨੂੰ ਆਪਣੇ ਤੀਕ ਨਹੀਂ ਪਹੁੰਚਣ ਦਿੱਤਾ ਤੇ ਸਾਨੂੰ ਲੋਕਾਂ ਨੂੰ ਆਸ ਹੈ ਕਿ ਭਾਰਤ ਇਸ ਨੀਤੀ ਵੱਲ ਕਦੇ ਤੁਰੇਗਾ ਵੀ ਨਹੀਂ।

ਅਸੀਂ ਇਹ ਗੱਲ ਫਿਰ ਕਹਿ ਦੇਈਏ ਕਿ ਸਾਡੇ ਦੇਸ਼ ਵਿੱਚ ਕਈ ਗੱਲਾਂ ਬਾਰੇ ਸਾਨੂੰ ਵੀ ਸ਼ਿਕਵੇ ਹਨ, ਅਸੀਂ ਆਪਣੇ ਮੱਤਭੇਦ ਲੁਕਾਏ ਵੀ ਕਦੇ ਨਹੀਂ ਤੇ ਲੁਕਾਵਾਂਗੇ ਵੀ ਨਹੀਂ, ਕਿਉਂਕਿ ਭਾਰਤ ਦਾ ਸੰਵਿਧਾਨ ਸਾਨੂੰ ਇਹ ਸ਼ਿਕਵੇ ਰੱਖਣ ਲਈ ਪੂਰਾ ਹੱਕ ਦੇਂਦਾ ਹੈ, ਪਰ ਭਾਰਤ ਦੇ ਲੋਕ ਕਦੇ ਵੀ ਪਾਕਿਸਤਾਨ ਦੀ ਹਮਲਾਵਰੀ ਨੀਤੀ ਨੂੰ ਪ੍ਰਵਾਨ ਨਹੀਂ ਕਰ ਸਕਦੇ। ਉਸ ਦੇਸ਼ ਦੇ ਹਾਕਮਾਂ ਨੂੰ ਗਵਾਂਢੀ ਘਰ ਵਿੱਚ ਇੱਟਾਂ-ਵੱਟੇ ਮਾਰਨ ਦੀ ਨੀਤੀ ਛੱਡ ਕੇ ਆਪਣਾ ਘਰ ਸਾਂਭਣਾ ਚਾਹੀਦਾ ਹੈ।

## ਗੁਰਦੁਆਰਾ ਪਹਿਲੀ ਪਾਤਸ਼ਾਹੀ, ਬੁਲਾਣੀ, ਜ਼ਿਲਾ ਲਾੜਕਾਣਾ, ਸਿੰਧ



ਬੁਲਾਣੀ ਸਿੰਧ ਪ੍ਰਾਤ ਦਾ ਇੱਕ ਪ੍ਰਸਿੱਧ ਨਗਰ ਹੈ । ਇਸ ਸ਼ਹਿਰ ਅੰਦਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾ ਕੇ ਲੋਕਾਂ ਨੂੰ, ਸੁਭਾਗੀ ਕੀਤਾ । ਆਪ ਦਾ ਅਸਥਾਨ ਸੁੰਦਰ ਬਣਿਆ ਹੋਇਆ ਹੈ। ਨਾਨਕ ਪੰਥੀ ਹਿੰਦੂ ਪੁਜਾਰੀ ਹਨ । ਰੋਜ਼ ਪ੍ਰਕਾਸ਼ ਹੁੰਦਾ ਹੈ। ਇੱਥੇ ਹੀ ਨੂਰ ਨੁਸਰਤ ਨਾਮੀ ਇੱਕ ਆਜੜੀ ਨੇ ਆਪ ਦੀ ਸੇਵਾ ਕੀਤੀ ਤੇ ਬਰਕਤ ਵਾਸਤੇ ਦੁਆ ਪੁੱਛੀ। ਆਪ ਨੇ ਫਰਮਾਇਆ ਸਭ ਬਰਕਤਾਂ ਨੇਕੀ, ਦਇਆ ਅਤੇ ਧਰਮ ਦਾ ਪੱਲਾ ਨਾਂਹ ਛੱਡਣ ਵਿੱਚ ਹਨ। ਇੱਥੇ ਹੀ ਦਾਊਦ ਨਾਮੀ ਇੱਕ ਜੁਲਾਹੇ ਨੇ ਆਪ ਨੂੰ ਇੱਕ ਅਣਮੁੱਲਾ ਗਲੀਚਾ ਪੇਸ਼ ਕੀਤਾ ਤਾਂ ਆਪ ਨੇ ਉਹ ਗਲੀਚਾ ਇੱਕ ਕੁੜੀ ਦੇ ਬੱਚਿਆਂ ਹੇਠ ਵਿਛਾ ਦਿੱਤਾ ਜੋ ਠੰਢ ਵਿੱਚ ਠਰ ਰਹੇ। ਸਨ ਅਤੇ ਫਰਮਾਇਆ ਮੇਰਾ ਗਲੀਚਾ ਤਾਂ ਇਹ ਹਰਿਆ ਭਰਿਆ ਘਾਹ ਹੈ। ਆਪ ਦੀ ਸਮਝਾਉਣੀ ਸੀ ਕਿ ਸਾਡੀਆਂ ਖੁਸ਼ੀਆਂ ਸਭ ਵਿਅਰਥ ਹਨ ਜੇ ਕੋਲ ਬੈਠਾ ਕੋਈ ਜੀਵ ਦੁਖੀ ਹੋਵੇ। ਇਸ ਅਸਥਾਨ ਉੱਤੇ ਸੰਗਤ ਹੁੰਮ ਹੁੰਮਾ ਕੇ ਆਉਂਦੀ ਹੈ। ਗੁਰੂ ਕਾ ਲੰਗਰ ਜਾਰੀ ਹੈ ।

# ਭਾਰਤੀ ਰਾਜਨੀਤੀ 'ਚ 'ਵਹਾਅ' ਦੀ ਅਵਸਥਾ ਕਿਉਂ

-ਹਰੀ ਜੈਸਿੰਘ

ਇੱਕ ਪਲ ਅਜਿਹਾ ਵੀ ਸੀ ਕਿ ਨਰਿੰਦਰ ਮੋਦੀ ਨੇ ਮੁਸਲਮਾਨਾਂ ਨੂੰ ਭਾਰਤ ਦੇ ਨਾਗਰਿਕ ਦੱਸ ਕੇ ਉਨ੍ਹਾਂ ਦੀ ਸ਼ਲਾਘਾ ਕੀਤੀ ਸੀ ਅਤੇ ਜੇ ਉਹੀ ਲੋਕ ਭਾਰਤ ਦੇ ਅਸਲੀ ਨਾਗਰਿਕ ਹਨ ਤਾਂ ਉਨ੍ਹਾਂ ਨੂੰ ਆਪਣੀ ਨਾਰਾਜ਼ਗੀ ਜ਼ਾਹਰ ਕਰਨ ਦਾ ਪੂਰਾ ਅਧਿਕਾਰ ਵੀ ਹੈ। ਭਾਰਤੀ ਲੋਕਤੰਤਰ ਦਾ ਇਹੀ ਵੱਡਪਣ ਹੈ। ਸਰਕਾਰ ਤੋਂ ਇਹੀਂ ਆਸ ਹੈ ਕਿ ਉਹ ਪ੍ਰਦਰਸ਼ਨ ਕਰ ਰਹੇ ਲੋਕਾਂ ਨਾਲ ਗੱਲਬਾਤ ਕਰਨ ਲਈ ਉਨ੍ਹਾਂ ਤੱਕ ਪਹੁੰਚ ਬਣਾਵੇ। ਮੈਂ ਕਦੇ ਨਹੀਂ ਸੋਚਿਆ ਸੀ ਕਿ ਦਿੱਲੀ ਵਿਧਾਨ ਸਭਾ ਚੋਣਾਂ ਸਾਡੇ ਨੇਤਾਵਾਂ ਦੇ ਤੱਤ ਦੀ ਬੁੱਧੀਮਤਾ ਅਤੇ ਆਮ ਸੋਚ ਨੂੰ ਧੁੰਦਲਾ ਕਰਨ ਦੇਣਗੀਆਂ। ਮੇਰਾ ਦ੍ਰਿੜ੍ਹ ਨਿਸ਼ਚਾ ਹੈ ਕਿ ਭਾਰਤ 'ਚ ਹਰੇਸਿਆਸੀ ਦਲ ਆਪਣੇ ਅੰਦਰ ਹੀ ਦੇਖ ਰਿਹਾ ਹੈ। ਭਾਰਤ ਮਹਾਤਮਾ ਗਾਂਧੀ ਦੀ 150ਵੀਂ ਜਯੰਤੀ ਮਨਾ ਰਿਹਾ ਹੈ। ਅਸੀਂ ਉਨ੍ਹਾਂ ਵੱਲੋਂ 1942 ਵਿੱਚ ਉਨ੍ਹਾਂ ਦੀ ਮੈਗਜ਼ੀਨ 'ਹਰੀਜਨ' ਵਿੱਚ ਜ਼ਾਹਰ ਕੀਤੇ ਉਨ੍ਹਾਂ ਦੇ ਸ਼ਬਦਾਂ ਨੂੰ ਯਾਦ ਕਰਦੇ ਹਾਂ, ਜਿਸ ਵਿੱਚ ਉਨ੍ਹਾਂ ਲਿਖਿਆ ਹੈ ਕਿ 'ਹਿੰਦੁਸਤਾਨ ਉਨ੍ਹਾਂ ਸਾਰਿਆਂ ਦਾ ਹੈ, ਜਿਨ੍ਹਾਂ ਦਾ ਜਨਮ ਇਥੇ ਹੋਇਆ ਤੇ ਉਨ੍ਹਾਂ ਨੇ ਕਿਸੇ ਹੋਰ ਦੇਸ਼ ਵੱਲ ਨਹੀਂ ਦੇਖਿਆ। ਇਸ ਕਾਰਨ ਇਹ ਪਾਰਸੀਆਂ ਦਾ, ਭਾਰਤੀ ਈਸਾਈਆਂ, ਮੁਸਲਮਾਨਾਂ ਅਤੇ ਹਿੰਦੂਆਂ ਜਿਨਾ ਹੀ ਗ਼ੈਰ-ਹਿੰਦੂਆਂ ਲਈ ਵੀ ਹੈ। ਆਜ਼ਾਦ ਭਾਰਤ ਹਿੰਦੂ ਰਾਜ ਨਹੀਂ ਹੋਵੇਗਾ, ਇਹ ਭਾਰਤੀ ਰਾਜ ਹੋਵੇਗਾ, ਜੋ ਕਿਸੇ ਵੀ ਧਰਮ, ਭਾਈਚਾਰੇ ਦੇ ਬਹੁਮਤ 'ਤੇ ਨਹੀਂ, ਸਗੋਂ ਧਰਮ ਦੇ ਭੇਦ ਭਾਵ ਤੋਂ ਬਿਨ੍ਹਾਂ ਪੂਰੇ ਲੋਕਾਂ ਦੇ ਪ੍ਰਤੀਨਿਧਾਂ ਦੇ ਆਧਾਰ 'ਤੇ ਹੋਵੇਗਾ।' ਗਾਂਧੀ ਜੀ ਦਾ ਮੁੱਖ ਟੀਚਾ ਹਿੰਦੂ-ਮੁਸਲਿਮ ਦਾ ਨਿਰਮਾਣ ਸੀ। ਉਨ੍ਹਾਂ ਲਈ ਇਹੀ ਅਹਿੰਸਾ ਦੀ ਪ੍ਰਤੀਨਿਧਤਾ ਸੀ।

ਮਹਾਤਮਾ ਗਾਂਧੀ ਦੀ ਅਹਿੰਸਾ ਦੇ ਮੱਤ ਦੇ ਉਲਟ ਅਸੀਂ ਅੱਜ ਕੀ ਦੇਖਦੇ ਹਾਂ? ਬੰਦੂਕ ਚੁੱਕੀ ਇੱਕ ਵਿਅਕਤੀ ਸੀ ਏ ਏ (ਨਾਗਰਿਕਤਾ ਸੋਧ ਕਾਨੂੰਨ) ਦੇ ਵਿਰੋਧ ਦੀ ਰੈਲੀ 'ਤੇ ਫਾਇਰ ਕਰਦਾ ਹੈ ਤੇ ਚੀਕਦਾ ਹੋਇਆ ਨਾਅਰਾ ਲਾਉਂਦਾ ਹੈ 'ਜੈ ਸ੍ਰੀ ਰਾਮ, ਇਹ ਲਓ ਆਜ਼ਾਦੀ।' ਕੀ ਉਹ ਭਾਜਪਾ ਜਾਂ ਫਿਰ ਆਮ ਆਦਮੀ ਪਾਰਟੀ ਦਾ ਸਮਰਥਕ ਸੀ। ਇਸ ਪਹਿਲੂ ਉਤੇ ਮੈਂ ਮੁੱਠੀ ਬੰਦ ਕਰ ਕੇ ਬੈਠਾ ਹਾਂ। ਭਾਰਤ 'ਚ ਇਸ ਸਮੇਂ ਰਾਜਨੀਤੀ ਅਤੇ ਧਰਮ ਆਪਸ 'ਚ ਮਿਲ ਚੁੱਕੇ ਹਨ। ਇਹ



ਸ਼ੂਟਿੰਗ ਵਿੱਤ ਰਾਜ ਮੰਤਰੀ ਅਨੁਰਾਗ ਠਾਕੁਰ ਵਰਗੇ ਭਾਜਪਾ ਨੇਤਾਵਾਂ ਦੇ ਹਿੰਸਾ ਭੜਕਾਉਣ ਵਾਲੇ ਅਤੇ ਫਿਰਕਾਪ੍ਰਸਤੀ ਨਾਲ ਭਰੇ ਸ਼ਬਦਾਂ ਤੋਂ ਬਾਅਦ ਕੀਤੀ ਗਈ। ਠਾਕੁਰ ਨੇ ਕਿਹਾ ਕਿ 'ਗੱਦਾਰਾਂ ਨੂੰ ਗੋਲੀ ਮਾਰੋ', ਇਸ ਦੇ ਸਮਾਨਾਂਤਰ ਹੀ ਕਪਿਲ ਮਿਸ਼ਰਾ ਦੀ ਸ਼ਬਦਾਵਲੀ ਨੇ ਵੀ ਦੁਖੀ ਕਰ ਦਿੱਤਾ।

ਕੁਝ ਵੀ ਹੋਵੇ, ਸ਼ਾਹੀਨ ਬਾਗ ਪ੍ਰਦਰਸ਼ਨ ਨੂੰ ਅੱਜ ਧਰਮ ਨਿਰਪੱਖਤਾ ਅਥਾਹ ਸਮੁੰਦਰ ਦੇ ਤੌਰ 'ਤੇ ਦੇਖਿਆ ਗਿਆ ਹੈ, ਜਿਥੇ ਵੱਖ-ਵੱਖ ਜਾਤਾਂ ਅਤੇ ਧਰਮਾਂ ਦੇ ਲੋਕਾਂ ਨੂੰ ਪ੍ਰੇਰਿਤ ਕਰਨ ਦੀ ਸਮਰੱਥਾ ਹੈ। ਇਹ ਵੱਖਰੀ ਗੱਲ ਹੈ ਕਿ ਨਰਿੰਦਰ ਮੋਦੀ ਸਰਕਾਰ ਭਾਰਤ ਨੂੰ ਇੱਕ ਵੱਖਰੀ ਨਜ਼ਰ ਦੇਖਦੀ ਹੈ। ਮੇਰੇ ਚਿੰਤਾ ਕਰਨ ਦਾ ਮੁੱਖ ਉਦੇਸ਼ ਇਹ ਹੈ ਕਿ ਆਖਿਰ ਦੇਸ਼ ਦੇ ਮਾਮਲਿਆਂ ਨਾਲ ਨਜਿੱਠਣ ਲਈ ਸਾਡੇ ਨੇਤਾ ਕਿਸ ਗਲਤ ਦਿਸ਼ਾ ਵੱਲ ਜਾ ਰਹੇ ਹਨ। ਚੋਣਾਂ ਦੇ ਸਮੇਂ ਦੌਰਾਨ ਚੱਲਣ ਵਾਲੇ ਸਿਆਸੀ ਮਾਮਲਿਆਂ 'ਚ ਇਸ ਤਰ੍ਹਾਂ ਦਾ ਵਹਿਣ ਕਿਉਂ ਆਇਆ। ਹਰ ਪਾਰਟੀ ਥੋੜ੍ਹ-ਚਿਰੀ ਵੋਟ ਬੈਂਕ ਦੀ ਰਾਜਨੀਤੀ ਨੂੰ ਲੈ ਕੇ ਆਪਣੇ ਨਜ਼ਰੀਏ ਤੋਂ ਦੇਖ ਰਹੀ ਹੈ। ਕੁਝ ਵਖਰੇਵੇਂ ਤੋਂ ਬਾਅਦ ਇਹ ਸ਼ਾਇਦ ਹੀ ਕੋਈ ਸਿਧਾਂਤਾਂ ਜਾਂ ਫਿਰ ਤੱਥਾਂ ਵਾਲੇ ਨੇਤਾ ਦੇਖ ਪਾ ਰਹੇ ਹਨ।

ਇੱਕ ਚਿੰਤਤ ਨਾਗਰਿਕ ਦੇ ਤੌਰ 'ਤੇ ਮੈਂ ਇਹ ਮੁੱਦਾ ਉਠਾ ਰਿਹਾ ਹਾਂ, ਜਿਹੜਾ ਸਿਆਸੀ ਕੋਣ ਦੀ ਸਥਿਤੀ ਕਾਰਣਨ ਦੁਖੀ ਹੋਇਆ ਹੈ। ਮੈਂ ਕਿਸੇ ਇੱਕ ਵਿਅਕਤੀ 'ਤੇ ਦੋਸ਼ ਨਹੀਂ ਮੜ੍ਹ ਰਿਹਾ ਅਤੇ ਨਾ ਕਿਸੇ ਸਿਆਸੀ ਦਲ ਨੂੰ ਦੋਸ਼ ਦੇ ਰਿਹਾ ਹਾਂ। ਜਿਵੇਂ ਅਸੀਂ ਦੇਖਦੇ ਹਾਂ ਕਿ ਸੱਚਾਈ ਤੋਂ ਇਨਕਾਰ ਕਰਦੇ ਮਾਹੌਲ ਵਿੱਚ ਜਮਹੂਰੀ ਰਾਜਨੀਤੀ ਸਿਹਤਮੰਦ ਲਕੀਰਾਂ 'ਤੇ ਨਹੀਂ ਚੱਲਦੀ। ਅਸਲ 'ਚ ਭਾਰਤੀ ਲੋਕਤੰਤਰ ਦੀ ਗੁਣਵੱਤਾ ਉਸ ਸਮੇਂ ਤੱਕ ਅੱਪਗ੍ਰੇਡ ਨਹੀਂ ਕੀਤੀ ਜਾ ਸਕਦੀ, ਜਦੋਂ ਤੱਕ ਕਿ ਅਸੀਂ ਦੋਹਰੇ ਮਾਪਦੰਡ, ਪਾਖੰਡ ਅਤੇ ਦੋਗਲੀ ਭਾਸ਼ਾ ਵਾਲੀ ਸਿਆਸੀ ਸੋਚ ਅਤੇ ਕਾਰਵਾਈ ਦਾ ਤਿਆਗ ਨਹੀਂ ਕਰਦੇ। ਸਿਧਾਂਤ ਹੈ ਕਿ ਆਖਿਰ ਲੋਕ ਕੀ ਚਾਹੁੰਦੇ ਹਨ, ਜਦੋਂ ਤੱਕ ਅਸੀਂ ਲੋਕਾਂ ਦੀਆਂ ਅਸਲੀ ਉਮੀਦਾਂ ਅਤੇ ਇੱਛਾਵਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ, ਉਦੋਂ ਤੱਕ ਭਾਰਤ ਦਾ ਨਿਰਮਾਣ ਸੰਭਵ ਨਹੀਂ। ਭਾਰਤ ਨੂੰ ਕਿਸੇ ਸ਼ਾਰਟਕੱਟ ਨਾਲ ਅੱਗੇ ਨਹੀਂ ਵਧਾਇਆ ਜਾ ਸਕਦਾ। ਕਿਹਾ ਜਾਂਦਾ ਹੈ ਕਿ ਚੀਕਣੀ ਮਿੱਟੀ ਕਿਸੇ ਵੀ ਸੱਚੇ 'ਚ ਢਲ ਜਾਂਦੀ ਹੈ, ਪਰ ਇਹ ਉਦੋਂ ਤੱਕ ਸੰਭਵ ਹੈ, ਜਦੋਂ ਤੱਕ ਘੁਮਿਆਰ ਉਸਨੂੰ ਆਪਣੇ ਹੱਥਾਂ ਨਾਲ ਆਕਾਰ ਨਹੀਂ ਦਿੰਦਾ। ਰਾਜਨੀਤੀ ਦੇ ਸਾਕਾਰਾਤਮਕ ਤੇ ਨਕਾਰਾਤਮਕ ਪਹਿਲੂ ਹਨ। ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਰਾਸ਼ਟਰ ਦੀ ਦਿੱਖ ਨੂੰ ਦੇਖਦੇ ਹੋ। ਦਿੱਲੀ 'ਚ ਪਾਏ ਜਾ ਰਹੇ ਹਾਲਾਤ ਲਈ ਕਿਸੇ ਇੱਕ ਦਾ ਨਜ਼ਰੀਆਂ ਅਤੇ ਵਿਹਾਰ ਨਿਰਭਰ ਕਰਦਾ ਹੈ।

ਰਾਜਨੀਤੀ ਦੇ ਸਾਕਾਰਾਤਮਕ ਪਹਿਲੂ ਵਿੱਚ ਸਾਕਾਰਾਤਮਕ ਤੱਤ ਵੀ ਹੁੰਦੇ ਹਨ। ਮੌਜੂਦਾ ਬੇਚੈਨੀ ਨਫ਼ਰਤ ਤੇ ਵੰਡਣ ਵਾਲੀ ਰਾਜਨੀਤੀ ਕਾਰਨ ਮੌਜੂਦ ਹੈ। ਦੇਸ਼ ਵੱਲੋਂ ਸਹਿਣ ਕੀਤੀਆਂ ਜਾਂਦੀਆਂ ਪ੍ਰੇਸ਼ਾਨੀਆਂ ਦੇ ਸਵਾਲਾਂ ਦੇ ਜਵਾਬ ਹਾਸਲ ਕਰਵਾਉਣ ਦੀ ਸਾਡੀਆਂ ਜਮਹੂਰੀ ਸੰਸਥਾਵਾਂ 'ਚ ਸਮਰੱਥਾ ਨਹੀਂ ਜਾਂ ਫਿਰ ਇਸ ਤਰ੍ਹਾਂ ਕਹੋ ਕਿ ਉਹ ਯੋਗ ਨਹੀਂ।

ਮੈਂ ਕਲਪਨਾ ਕਰ ਸਕਦਾ ਹਾਂ ਕਿ ਰਾਸ਼ਟਰੀ ਸੱਭਿਆਚਾਰ ਨਾ ਤਾਂ ਹਿੰਦੂ ਅਤੇ ਨਾ ਮੁਸਲਮਾਨ ਦੀ ਹੈ, ਇਹ ਤਾਂ ਬਸ ਭਾਰਤ ਦੀ ਹੈ। ਮੈਂ ਦੇਖਦਾ ਹਾਂ ਕਿ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਪਾਏ ਜਾ ਰਹੇ ਮੂਲ ਭੇਦਾਂ ਨੂੰ ਮਿਟ-ਾਇਆ ਨਹੀਂ ਗਿਆ। ਇਸੇ ਤਰ੍ਹਾਂ ਜ਼ਿਆਦਾਤਰ ਇਨ੍ਹਾਂ ਦੋਵਾਂ ਦੀ ਵਰਤੋਂ ਸਮਾਜਿਕ ਭੇਦ ਭਾਵ ਤੇ ਵਿਰੋਧ ਲਈ ਨਹੀਂ ਕੀਤੀ ਜਾ ਸਕਦੀ। ਬੇਸ਼ੱਕ ਭਾਰਤ ਦੀ ਪੁਰਾਤਨ ਸੱਭਿਅਤਾ ਹੋਣ ਦੇ ਨਾਤੇ ਅਸੀਂ ਰਾਸ਼ਟਰੀਅਤਾ ਵਿੱਚ ਹਿੰਦੂਆਂ ਦੇ ਦਬਦਬੇ ਨੂੰ ਨਹੀਂ ਨਕਾਰ ਸਕਦੇ, ਇਸ ਪੁਰਾਤਨ ਜ਼ਮੀਨ ਦੀ ਮਿੱਟੀ ਅਤੇ ਸੱਭਿਅਤਾ ਦੀਆਂ ਕਦਰਾਂ-ਕੀਮਤਾਂ 'ਚ ਇਸਦੀਆਂ ਜੜ੍ਹਾਂ ਡੂੰਘੀਆਂ ਹਨ। ਇਸ ਕਾਰਨ ਆਧੁਨਿਕ ਭਾਰਤ ਦੀ ਸੰਤੁਲਿਤ ਦ੍ਰਿਸ਼ਟੀ ਇਸੇ ਵਿੱਚ ਹੈ ਕਿ ਅਸੀਂ ਸਾਰੇ ਫਿਰਕਿਆਂ ਨੂੰ ਨਾਲ ਲੈ ਕੇ ਚੱਲੀਏ। ਇਹ ਤਰਸਯੋਗ ਹੈ ਕਿ ਸਾਡੀ ਸੋਚ ਬਹੁਤ ਹੇਠਲੇ ਬਦਲਾਅ ਨੂੰ ਦੇਖਦੀ ਹੈ। ਸਾਡੇ ਕੋਲ ਗੁਜਰਾਤ ਤੋਂ ਭਾਜਪਾ ਦੇ ਪ੍ਰਮੁੱਖ ਨੇਤਾ ਪੀ ਐਮ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਹਨ ਅਤੇ ਇਸੇ ਸੂਬੇ ਨੇ ਸਾਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਅਤੇ ਸਰਦਾਰ ਪਟੇਲ ਵਰਗੇ ਮਹਾਨ ਨਾਇਕ ਦਿੱਤੇ। ਸਮਾਂ ਹੈ ਕਿ ਦੇਸ਼ ਦੇ ਨੇਤਾਵਾਂ ਨੂੰ ਆਪਣੇ ਅੰਦਰ ਝਾਲਣਾ ਹੋਵੇਗਾ ਅਤੇ ਇਹ ਟਟੋਲਣਾ ਹੋਵੇਗਾ ਕਿ ਆਖਿਰ ਉਨ੍ਹਾਂ ਤੋਂ ਗਲਤੀ ਕਿੱਥੇ ਹੋਈ।

## ਮੁੰਡਿਆਂ ਪਿੱਛੋਂ ਕੁੜੀਆਂ ਵੀ ਮਸਕਟ ਵਿੱਚ ਧੋਖਾਦੇਹੀ ਦਾ ਸ਼ਿਕਾਰ ਹੋਈਆਂ

ਸੰਗਰੂਰ, 9 ਫਰਵਰੀ (ਪੋਸਟ ਬਿਊਰੋ)- ਧੋਖੇਬਾਜ਼ ਏਜੰਟਾਂ ਦੇ ਕਾਰਨ ਠੱਗੀ ਦਾ ਸ਼ਿਕਾਰ ਹੋਏ ਸੈਂਕੜੇ ਪੰਜਾਬੀ ਵਿਦੇਸ਼ਾਂ ਵਿੱਚ ਫਸ ਜਾਂਦੇ ਹਨ। ਉਨ੍ਹਾਂ ਵਾਂਗ ਹੀ ਮਸਕਟ ਵਿਖੇ ਪੰਜਾਬ ਤੋਂ ਘਰ ਦਾ ਗੁਜ਼ਾਰੇ ਚਲਾਉਣ ਲਈ ਰੋਜ਼ਗਾਰ ਲਈ ਗਈਆਂ 11 ਨੌਜਵਾਨ ਕੁੜੀਆਂ ਫਸ ਗਈਆਂ ਹਨ ਅਤੇ ਉਨ੍ਹਾਂ ਦੀ ਵਤਨ ਵਾਪਸੀ ਲਈ ਰੋਂਦੀਆਂ ਹੋਈਆਂ ਦੀ ਵੀਡੀਓ ਨੇ ਸਮੁੱਚੇ ਪੰਜਾਬ ਦੇ ਲੋਕਾਂ ਨੂੰ ਝੰਜੋੜ ਦਿੱਤਾ ਹੈ। ਇਹ ਵੀਡੀਓ ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਨੇ ਸੋਸ਼ਲ ਮੀਡੀਆ ਉੱਤੇ ਸ਼ੇਅਰ ਕਰ ਕੇ ਇਨ੍ਹਾਂ ਲੜਕੀਆਂ ਦੇ ਸੰਪਰਕ ਨੰਬਰ ਅਤੇ ਪਾਸਪੋਰਟ ਦੀ ਜਾਣਕਾਰੀ ਮੰਗੀ ਅਤੇ ਇਨ੍ਹਾਂ ਨੂੰ ਜਲਦ ਰਿਹਾਅ ਕਰਵਾਉਣ ਦੀ ਗੱਲ ਕਹੀ ਹੈ।

ਵਰਨਣ ਯੋਗ ਹੈ ਕਿ ਇਸ ਵੀਡੀਓ ਵਿੱਚ ਇਹ ਲੜਕੀਆਂ ਆਪਣੇ ਆਪ ਨੂੰ ਇੰਡੀਆ ਦੀ ਅੰਬੈਸੀ ਵਿੱਚ ਫਸੀਆਂ ਹੋਣ ਦਾ ਦਾਅਵਾ ਕਰਦੀਆਂ ਇਹ ਦੱਸ ਰਹੀਆਂ ਹਨ ਕਿ ਉਨ੍ਹਾਂ ਨਾਲ ਪੰਜਾਬ ਦੇ ਏਜੰਟਾਂ ਨੇ ਧੋਖਾ ਕੀਤਾ ਅਤੇ ਘਰਾਂ ਦੇ ਕੰਮਾਂ ਵਿੱਚ ਲਾਉਣ ਲਈ ਉਨ੍ਹਾਂ ਨੂੰ ਮਸਕਟ ਭੇਜਿਆ ਸੀ, ਪਰ ਜਿੱਥੇ ਉਹ ਕੰਮ ਕਰਦੀਆਂ ਹਨ, ਉਹ ਕੁੱਟਦੇ ਮਾਰਦੇ ਸੀ ਤੇ ਸਮੇਂ ਸਿਰ ਖਾਣਾ ਵੀ ਨਹੀਂ ਸਨ ਦਿੰਦੇ ਅਤੇ ਉਨ੍ਹਾਂ ਦੀ ਤਬੀਅਤ ਵੀ ਠੀਕ ਨਹੀਂ ਹੈ। ਰੋਂਦੀ ਹੋਈ ਇੱਕ ਲੜਕੀ ਦੱਸ ਰਹੀ ਹੈ ਕਿ ਉਸ ਨੂੰ ਡਿਸਕ ਦੇ ਨਾਲ ਸਰਵਾਈਕਲ ਦੀ ਸਮੱਸਿਆ ਵੀ ਹੋ ਚੁੱਕੀ ਹੈ। ਉਹ ਸੱਤ ਮਹੀਨੇ ਪਹਿਲਾਂ ਅੰਬੈਸੀ ਵਿੱਚ ਮਦਦ ਮੰਗਣ ਆਈ ਸੀ, ਪਰ ਉਨ੍ਹਾਂ ਦੀ ਕੋਈ ਮਦਦ ਨਹੀਂ ਕਰਦਾ। ਇਹ ਲੋਕ ਪਾਸਪੋਰਟ ਮੰਗਦੇ ਹਨ, ਪਰ ਏਜੰਟ ਉਨ੍ਹਾਂ ਦਾ ਪਾਸਪੋਰਟ ਨਹੀਂ ਦੇ ਰਿਹਾ ਅਤੇ ਮਸਕਟ ਦੇ 1200 ਦਿਨਾਰ ਮੰਗਦਾ ਹੈ। ਇਹ ਲੜਕੀਆਂ ਇੰਨੇ ਪੈਸੇ ਦੇਣ ਤੋਂ ਅਸਮਰਥ ਹੋਣ ਕਾਰਨ ਮੁਸੀਬਤ ਵਿੱਚ ਫਸੀਆਂ ਹੋਈਆਂ ਹਨ।

## ਦਰਬਾਰ ਸਾਹਿਬ ਵਿਖੇ ਟਿਕਟੌਕ ਵੀਡੀਓ ਬਣਾਉਣ ਉੱਤੇ ਪਾਬੰਦੀ ਲਾ ਦਿੱਤੀ ਗਈ

### * ਮਨਾਹੀ ਦੇ ਪੋਸਟਰ ਪਰਿਕਰਮਾ ਵਿੱਚ ਥਾਂ-ਥਾਂ ਲਾਏ ਗਏ

ਅੰਮ੍ਰਿਤਸਰ, 9 ਫਰਵਰੀ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਵਿੱਚ ਟਿਕਟੌਕ ਵੀਡੀਓ ਬਣਾਉਣ 'ਤੇ ਮੁਕੰਮਲ ਪਾਬੰਦੀ ਲਾ ਦਿੱਤੀ ਗਈ ਹੈ। ਭੱਦੀ ਕਿਸਮ ਦੀਆਂ ਵੀਡੀਓਜ਼ ਬਣਾਉਣ ਤੋਂ ਰੋਕਣ ਲਈ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਵੱਖ-ਵੱਖ ਥਾਂਈਂ ਪੋਸਟਰ ਲਾਉਣ ਤੋਂ ਇਲਾਵਾ ਪਰਿਕਰਮਾ 'ਚ ਡਿਊਟੀ ਦੇਣ ਵਾਲੇ ਸੇਵਾਦਾਰਾਂ ਨੂੰ ਚੌਕਸ ਕਰ ਦਿੱਤਾ ਗਿਆ ਹੈ ਕਿ ਇਸ ਤਰ੍ਹਾਂ ਦੀ ਕੋਈ ਘਟਨਾ ਦੋਬਾਰਾ ਨਹੀਂ ਹੋਣੀ ਚਾਹੀਦੀ।




ਵਰਨਣ ਯੋਗ ਹੈ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਆਉਂਦੇ ਸ਼ਰਧਾਲੂਆਂ ਵੱਲੋਂ ਵੀਡੀਓ ਬਣਾ ਕੇ ਉਸ ਨੂੰ ਟਿਕਟੌਕ ਨਾਲ ਵਾਇਰਲ ਕਰਨ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਪਿੱਛੇ ਜਿਹੇ ਕੁਝ ਕੁੜੀਆਂ ਨੇ ਡਾਂਸ ਕਰਦਿਆਂ ਇਤਰਾਜ਼ ਯੋਗ ਗੀਤ ਗਾਇਆ ਸੀ। ਇਹ ਵੀਡੀਓ ਵਾਇਰਲ ਹੋਣ ਮਗਰੋਂ ਸੰਗਤ ਨੇ ਇਤਰਾਜ਼ ਕੀਤਾ ਹੈ। ਇਸ ਤੋਂ ਪਹਿਲਾਂ ਇੱਕ ਕੁੜੀ ਨੇ ਇਸੇ ਤਰ੍ਹਾਂ ਗੀਤ ਵਾਲੀ ਵੀਡੀਓ ਟਿਕਟੌਕ ਰਾਹੀਂ ਵਾਇਰਲ ਕੀਤੀ ਸੀ। ਦੋਵੇਂ ਵਾਰੀ ਪ੍ਰਬੰਧਕਾਂ ਨੇ ਪੁਲਸ ਕੋਲ ਸ਼ਿਕਾਇਤ ਕੀਤੀ ਅਤੇ ਪੁਲਸ ਨੇ ਸ਼ਿਕਾਇਤ ਉੱਤੇ ਇੱਕ ਅਣਪਛਾਤੀ ਲੜਕੀ ਖਿਲਾਫ ਕੇਸ ਦਰਜ ਕੀਤਾ ਹੈ। ਇਸ ਦਾ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਵੀ ਨੋਟਿਸ ਲਿਆ ਅਤੇ ਆਖਿਆ ਕਿ ਜੇ ਇਹ ਰੁਝਾਨ ਨਾ ਰੁਕਿਆ ਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੋਬਾਈਲ ਲਿਜਾਣ 'ਤੇ ਰੋਕ ਲਾਉਣੀ ਪਵੇਗੀ। ਕੱਲ੍ਹ ਇਸ ਕੁਰੀਤੀ ਨੂੰ ਰੋਕਣ ਲਈ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਵੱਖ-ਵੱਖ ਥਾਂਈਂ ਵੱਡੀ ਗਿਣਤੀ ਵਿੱਚ ਪੋਸਟਰ ਲਾ ਦਿੱਤੇ ਗਏ ਹਨ, ਜਿਨ੍ਹਾਂ ਉੱਤੇ ਟਿਕਟੌਕ ਵੀਡੀਓ ਬਣਾਉਣ ਤੋਂ ਮਨਾ ਕੀਤਾ ਗਿਆ ਹੈ। ਇਹ ਪੋਸਟਰ ਜੋੜਾ ਘਰਾਂ ਦੇ ਨੇੜੇ, ਪਰਿਕਰਮਾ ਵਿੱਚ ਕੁਝ ਥਾਂਈਂ, ਕੜਾਹ ਪ੍ਰਸ਼ਾਦਿ ਵਾਲੇ ਕਾਊਂਟਰਾਂ, ਗੱਠੜੀ ਘਰ, ਲੰਗਰ ਘਰ, ਇਸ਼ਨਾਨ ਘਰ ਤੇ ਹੋਰ ਪ੍ਰਮੁੱਖ ਥਾਵਾਂ 'ਤੇ ਲਾਏ ਗਏ ਹਨ।

## ਸੁਪਰੀਮ ਕੋਰਟ ਨੇ ਡੀ ਜੀ ਪੀ ਦੀ ਚੋਣ ਦਾ ਮਾਮਲਾ 26 ਫਰਵਰੀ ਨੂੰ ਨਿਬੇੜਨ ਲਈ ਕਿਹਾ

ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦੀ ਨਿਯੁਕਤੀ ਬਾਰੇ ਸੈਂਟਰਲ ਐਡਮਨਿਸਟਰੇਟਿਵ ਟ੍ਰਿਬਿਊਨਲ (ਕੈਟ) ਵੱਲੋਂ ਡੀ ਜੀ ਪੀ ਦੀ ਚੋਣ ਰੱਦ ਕਰਨ ਦਾ ਹੁਕਮ ਦਿੱਤਾ ਸੀ, ਜਿਸ ਦੇ ਬਾਅਦ ਪੰਜਾਬ ਹਰਿਆਣਾ ਹਾਈ ਕੋਰਟ ਨੇ ਵੱਲੋਂ ਇਸ ਹੁਕਮ ਉੱਤੇ ਲਈ ਰੋਕ ਨੂੰ ਪੰਜਾਬ ਦੇ ਸਭ ਤੋਂ ਸੀਨੀਅਰ ਪੁਲਸ ਅਫਸਰ ਮੁਹੰਮਦ ਮੁਸਤਫਾ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਕੱਲ੍ਹ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਇਸ ਕੇਸ ਵਿੱਚ ਹਾਈ ਕੋਰਟ ਨੂੰ 26 ਫਰਵਰੀ ਦੀ ਅਗਲੀ ਤਰੀਕ 'ਤੇ ਸੁਣਵਾਈ ਪੂਰੀ ਕਰਨ ਦੇ ਆਦੇਸ਼ ਦਿੱਤੇ ਹਨ।

ਮੁਹੰਮਦ ਮੁਸਤਫਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਪੀ ਐਸ ਪਤਵਾਲੀਆ ਨੇ ਸੁਪਰੀਮ ਕੋਰਟ ਵਿੱਚ ਕਿਹਾ ਕਿ ਇਸ ਮਾਮਲੇ ਨੂੰ ਲਗਾਤਾਰ ਅਦਾਲਤਾਂ 'ਚ ਲਟਕਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਪਹਿਲਾਂ ਵੀ ਹਾਈ ਕੋਰਟ ਦੇ ਦਖ਼ਲ ਤੋਂ ਬਾਅਦ ਸੈਂਟਰਲ ਐਡਮਨਿਸਟਰੇਟਿਵ ਟ੍ਰਿਬਿਊਨਲ




ਨੇ ਇਸ ਕੇਸ ਵਿੱਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਬਣਾਇਆ ਪੈਨਲ ਰੱਦ ਕਰਨ ਦਾ ਫ਼ੈਸਲਾ ਲੈਣ ਦੇ ਬਾਅਦ ਡੀ ਜੀ ਪੀ ਦੀ ਨਿਯੁਕਤੀ ਨਵੇਂ ਪੈਨਲ ਦੇ ਆਧਾਰ 'ਤੇ ਕਰਨ ਲਈ ਕਿਹਾ ਸੀ। ਹਾਈ ਕੋਰਟ ਨੇ ਉਸ ਫ਼ੈਸਲੇ 'ਤੇ ਰੋਕ ਲਾ ਦਿੱਤੀ ਹੈ, ਜਦੋਂ ਕਿ ਉਹ ਚਹੁੰਦੇ ਹਨ ਕਿ ਇਸ ਅਤੀ ਜ਼ਰੂਰੀ ਮਾਮਲੇ ਨੂੰ ਛੇਤੀ ਨਿਪਟਾਇਆ ਜਾਵੇ। ਉਨ੍ਹਾਂ ਅਦਾਲਤ ਵਿੱਚ ਕਿਹਾ ਕਿ ਜਾਂ ਹਾਈ ਕੋਰਟ ਦਾ ਸਟੇਅ ਖ਼ਤਮ ਕੀਤਾ ਜਾਵੇ ਤੇ ਜਾਂ ਇਸ ਕੇਸ ਨੂੰ ਛੇਤੀ ਨਿਪਟਾਉਣ ਦੇ ਆਦੇਸ਼ ਦੇ ਕੇ ਸਮਾਂਬੱਧ ਕੀਤਾ ਜਾਵੇ। ਭਾਰਤ ਦੇ ਅਟਾਰਨੀ ਜਨਰਲ, ਜਿਹੜੇ ਸਰਕਾਰ ਵੱਲੋਂ ਅਦਾਲਤ 'ਚ ਪੇਸ਼ ਹੋਏ ਨੇ, ਅਦਾਲਤ ਨੂੰ ਕਿਹਾ ਕਿ ਇਸ ਕੇਸ ਵਿੱਚ ਅਗਲੀ ਤਰੀਕ 26 ਫਰਵਰੀ ਹੈ ਤੇ ਉਹ ਉਸੇ ਦਿਨ ਆਪਣਾ ਪੱਖ ਰੱਖ ਦੇਣਗੇ ਜਿਸ 'ਤੇ ਅਦਾਲਤ ਨੇ ਆਦੇਸ਼ ਦਿੱਤਾ ਕਿ ਇਸ ਮਾਮਲੇ ਨੂੰ 26 ਫਰਵਰੀ ਨੂੰ ਨਿਪਟਾ ਦਿੱਤਾ ਜਾਵੇ। ਡੀ ਜੀ ਪੀ ਮੁਹੰਮਦ ਮੁਸਤਫਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਕੇਸ ਸਬੰਧੀ ਜਾਰੀ ਕੀਤਾ ਗਿਆ ਪ੍ਰੈਸ ਨੋਟ ਗੁੰਮ-ਰਾਹਕੁਨ ਅਤੇ ਤੱਥਾਂ ਤੋਂ ਦੂਰ ਹੈ ਅਤੇ ਉਨ੍ਹਾਂ ਦੇ ਵਕੀਲ ਸ੍ਰੀ ਪਤਵਾਲੀਆ ਇਸ ਨੂੰ ਅਦਾਲਤ ਸਾਹ-ਮਣੇ ਉਠਾਉਣ ਵਾਲੇ ਹਨ। ਪਤਵਾਲੀਆ ਦੇ ਅਨੁਸਾਰ ਦੇਸ਼ ਦੇ ਅਟਾਰਨੀ ਜਨਰਲ ਕੇ ਕੇ ਵੀਨੂੰ ਗੋਪਾਲ ਵੱਲੋਂ ਅਦਾਲਤ ਨੂੰ 26 ਫਰਵਰੀ ਨੂੰ ਕੇਸ ਨਿਪਟਾਉਣ ਦੇ ਦਿੱਤੇ ਬਿਆਨ ਤੋਂ ਬਾਅਦ ਰਾਜ ਦੇ ਐਡਵੋਕੇਟ ਦਫਤਰ ਵੱਲੋਂ ਅਜਿਹੀ ਗੁੰਮਰਾਹਕੁਨ ਹਰਕਤ ਦਾ ਮਾਮਲਾ ਉਹ ਅਟਾਰਨੀ ਜਨਰਲ ਕੋਲ ਵੀ ਉਠਾ ਰਹੇ ਹਨ।

## ਕਾਂਗਰਸ ਆਗੂ ਵੱਲੋਂ ਗੋਲੀ ਚਲਾਉਣ ਦੀ ਵੀਡੀਓ ਵਾਇਰਲ

ਸੁਨਾਮ (ਊਧਮ ਸਿੰਘ ਵਾਲਾ), 9 ਫਰਵਰੀ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਦਿੜ੍ਹਬਾ ਲਈ ਕਾਂਗਰਸ ਪਾਰਟੀ ਦੇ ਇੰਚਾਰਜ ਅਜਾਇਬ ਸਿੰਘ ਰਟੌਲਾਂ ਵੱਲੋਂ ਰਿਵਾਲਵਰ ਨਾਲ ਗੋਲੀਆਂ ਦਾਗਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਸਿਆਸਤ ਗਰਮ ਹੋ ਗਈ ਹੈ। ਵਾਇਰਲ ਹੋਈ ਵੀਡੀਓ ਵਿੱਚ ਕਾਂਗਰਸੀ ਆਗੂ ਰਟੌਲਾਂ ਹਵਾ ਵਿੱਚ ਗੋਲੀਆਂ ਚਲਾਉਂਦਾ ਦਿਖਾਈ ਦੇਂਦਾ ਹੈ ਤੇ ਇਸ ਦੀ ਹਰ ਥਾਂ ਚਰਚਾ ਹੋ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਬੀਤੀ 26 ਜਨਵਰੀ ਨੂੰ ਅਜਾਇਬ ਸਿੰਘ ਰਟੌਲਾਂ ਇੱਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੁਨਾਮ ਆਏ ਸਨ, ਜਿੱਥੇ ਉਨ੍ਹਾਂ ਨੇ ਆਪਣੇ ਲਾਇਸੈਂਸੀ



ਰਿਵਾਲਵਰ ਤੋਂ ਦੋ ਫਾਇਰ ਕੀਤੇ। ਸੋਸ਼ਲ ਮੀਡੀਆ 'ਤੇ ਇੱਕ ਬੋਲੈਰੋ ਗੱਡੀ ਦੀ ਤਸਵੀਰ ਵੀ ਵਾਇਰਲ ਹੋਈ ਹੈ, ਜਿਸ ਦੇ ਅੱਗੇ ਲੱਗੀ ਪਲੇਟ 'ਤੇ ਮਾਸਟਰ ਅਜਾਇਬ ਸਿੰਘ ਰਟੌਲਾਂ, ਐੱਮ ਐੱਲ ਏ ਲਿਖਿਆ ਦਿੱਸਦਾ ਹੈ ਅਤੇ ਪਲੇਟ ਉੱਤੇ ਰਾਸ਼ਟਰੀ ਚਿੰਨ੍ਹ ਤ੍ਰੈਮੂਰਤੀ ਵੀ ਲੱਗਾ ਹੋਇਆ ਹੈ। ਇਹ ਕਾਂਗਰਸੀ ਆਗੂ ਹਲਕਾ ਦਿੜ੍ਹਬਾ ਤੋਂ ਵਿਧਾਨ ਸਭਾ ਚੋਣ ਹਾਰ ਗਿਆ ਸੀ ਅਤੇ ਅੱਜ ਕੱਲ੍ਹ ਸਿਰਫ ਪਾਰਟੀ ਦਾ ਹਲਕਾ ਇੰਚਾਰਜ ਹੈ। ਆਮ ਆਦਮੀ ਪਾਰਟੀ ਦੇ ਆਗੂ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਐਡਵੋਕੇਟ ਹਰਪਾਲ ਸਿੰਘ ਚੀਮਾ ਇਸ ਹਲਕੇ ਦੀ ਵਿਧਾਇਕ ਵਜੋਂ ਨੁਮਾਇੰਦਗੀ ਕਰਦੇ ਹਨ। ਇਸ ਘਟਨਾ ਬਾਰੇ ਵਿਰੋਧੀ ਧਿਰ ਦੇ ਆਗੂ ਤੇ ਹਲਕਾ ਦਿੜ੍ਹਬਾ ਦੇ ਵਿਧਾਇਕ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਾਨੂੰਨ ਦੀਆਂ ਨਜ਼ਰਾਂ ਵਿੱਚ ਸਾਰੇ ਬਰਾਬਰ ਹਨ ਅਤੇ ਜੋ ਵੀ ਅਜਿਹੀ ਹਰਕਤ ਕਰਦਾ ਹੈ, ਉਸ ਦੇ ਖਿਲਾਫ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ।

## ਗਾਇਕ ਅੰਮ੍ਰਿਤ ਮਾਨ ਤੇ ਸਿੱਪੀ ਗਿੱਲ ਨੂੰ ਨਵਾਂ ਸ਼ਹਿਰ ਪੁਲਸ ਅੱਗੇ ਪੇਸ਼ੀ ਦਾ ਹੁਕਮ



ਨਵਾਂ ਸ਼ਹਿਰ, 9 ਫਰਵਰੀ (ਪੋਸਟ ਬਿਊਰੋ)- ਪੰਜਾਬੀ ਗਾਇਕਾਂ ਦੇ ਖਿਲਾਫ ਸਮਾਜਕ ਕਾਰਕੁਨਾਂ ਦੀ ਪਹਿਲ 'ਤੇ ਪੰਜਾਬ ਪੁਲਸ ਨੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਮਾਨਸਾ ਜ਼ਿਲੇ ਦੀ ਪੁਲਸ ਨੇ ਗਾਇਕ ਸਿੱਧੂ ਮੂਸੇਵਾਲਾ ਖਿਲਾਫ ਮੁਕੱਦਮਾ ਦਰਜ ਕੀਤਾ ਸੀ ਤੇ ਉਸ ਦੇ ਬਾਅਦ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਪੁਲਸ ਨੇ ਪੰਜਾਬੀ ਗਾਇਕ ਅੰਮ੍ਰਿਤ ਮਾਨ ਅਤੇ ਸਿੱਪੀ ਗਿੱਲ ਨੂੰ 15 ਫਰਵਰੀ ਨੂੰ ਥਾਣਾ ਸਿਟੀ ਨਵਾਂ ਸ਼ਹਿਰ ਵਿਖੇ ਪੇਸ਼ ਹੋਣ ਲਈ ਸੰਮਣ ਭੇਜ ਦਿੱਤਾ ਹੈ।

ਵਰਨਣ ਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਨੂੰ ਲਾਗੂ ਕਰਵਾਉਣ ਲਈ ਪੰਜਾਬ ਦੇ ਸਮਾਜਕ ਕਾਰਕੁਨਾਂ ਵੱਲੋਂ ਸ਼ੁਰੂ ਕੀਤੀ ਮੁਹਿੰਮ 'ਮਿਸ਼ਨ 6213' ਨਾਲ ਸੰਬੰਧਤ ਕਾਰਕੁਨ ਪਰਵਿੰਦਰ ਸਿੰਘ ਕਿੱਤਣਾ ਨੇ ਦੋ ਵੱਖ-ਵੱਖ ਸ਼ਿਕਾਇਤਾਂ ਦੇ ਕੇ ਇਨ੍ਹਾਂ ਗਾਇਕਾਂ 'ਤੇ ਹਿੰਸਾ ਅਤੇ ਹਥਿਆਰਾਂ ਨੂੰ ਉਤਸ਼ਾਹਤ ਕਰਨ ਦੇ ਦੋਸ਼ ਲਾਏ ਹਨ। ਗਾਇਕ ਅੰਮ੍ਰਿਤ ਮਾਨ ਦੇ ਖਿਲਾਫ ਚਾਰ ਜਨਵਰੀ ਅਤੇ ਸਿੱਪੀ ਗਿੱਲ ਖਿਲਾਫ 24 ਜਨਵਰੀ ਨੂੰ ਦਰਖਾਸਤਾਂ ਦਿੱਤੀਆਂ ਸਨ। ਇੱਕ ਮਹੀਨਾ ਬੀਤਣ 'ਤੇ ਵੀ ਜਦੋਂ ਕਾਰਵਾਈ ਨਾ ਹੋਈ ਤਾਂ 'ਮਿਸ਼ਨ 6213' ਨੇ ਜ਼ਿਲਾ ਸ਼ਹੀਦ ਭਗਤ ਨਗਰ ਦੇ ਡਿਪਟੀ ਕਮਿਸ਼ਨਰ ਵਿਨੈ ਬਬਲਾਨੀ ਅਤੇ ਐੱਸ ਐੱਸ ਪੀ ਅਲਕਾ ਮੀਣਾ ਨੂੰ ਯਾਦ ਪੱਤਰ ਭੇਜ ਕੇ ਕਿਹਾ ਕਿ ਜਿੱਥੇ ਗਾਇਕ ਹਥਿਆਰਾਂ ਤੇ ਹਿੰਸਾ ਵਾਲੇ ਗਾਣੇ ਗਾ ਕੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰ ਰਹੇ ਹਨ, ਉਥੇ ਪ੍ਰਸ਼ਾਸਨ ਵੱਲੋਂ ਮੁਕ-ੱਦਮੇ ਦਰਜ ਨਾ ਕਰਨ ਕਰ ਕੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਜਾਣਕਾਰ ਸੂਤਰਾਂ ਮੁਤਾਬਕ ਇਹ ਮਾਮਲਾ ਅਦਾਲਤ ਦੀ ਮਾਣਹਾਨੀ ਦੇ ਰੂਪ ਵਿੱਚ ਹਾਈ ਕੋਰਟ ਪਹੁੰਚ ਸਕਦਾ ਹੈ। ਕੁਝ ਸਾਲ ਪਹਿਲਾਂ ਗਾਇਕ ਹਨੀ ਸਿੰਘ ਉੱਤੇ ਵੀ ਥਾਣਾ ਸਿਟੀ ਨਵਾਂ ਸ਼ਹਿਰ ਵਿਖੇ ਕੇਸ ਦਰਜ ਹੋਇਆ ਸੀ, ਜਿਸ ਨੂੰ ਰੱਦ ਕਰਨ ਲਈ ਉਸ ਵੱਲੋਂ ਕੇਸ ਲਾਇਆ ਹੋਇਆ ਹੈ, ਪਰ ਉਹ ਹਾਲੇ ਤੱਕ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚੱਲ ਰਿਹਾ ਹੈ।

## ਸਮੱਗਲਿੰਗ ਦੇ ਸ਼ੱਕ ਕਾਰਨ ਮਾਈਨਿੰਗ ਖੱਡਾਂ ਨੂੰ ਬੰਦ ਕਰਨ ਦੀ ਸਿਫਾਰਿਸ਼

### * ਸਿਫਾਰਸ਼ ਕਰਤਾ ਅਫਸਰ ਅਗਲੇ ਦਿਨ ਬਦਲ ਦਿੱਤਾ ਗਿਆ

ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ)- ਫਿਰੋਜ਼ਪੁਰ ਦੇ ਸਾਬਕਾ ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ ਮੁੱਖ ਸਕੱਤਰ ਨੂੰ ਲਿਖੇ ਇੱਕ ਪੱਤਰ 'ਚ ਦੱਸਿਆ ਹੈ ਕਿ ਪਾਕਿਸਤਾਨ ਸਰਹੱਦ ਨੇੜੇ ਮਾਈਨਿੰਗ ਅਤੇ ਡਰੱਗ ਮਾਫੀਆ 'ਚ ਗਠਜੋੜ ਦੇਸ਼ ਦੀ ਸੁਰੱਖਿਆ ਲਈ ਨਵੀਂ ਚੁਣੌਤੀਆਂ ਪੈਦਾ ਕਰ ਸਕਦਾ ਹੈ।

ਡਿਪਟੀ ਕਮਿਸ਼ਨਰ ਹੁੰਦਿਆਂ ਚੰਦਰ ਗੈਂਦ ਨੇ ਸਰਹੱਦੀ ਕਾਮਲਵਾਲਾ ਪਿੰਡ 'ਚ ਰੇਤ ਦੀਆਂ ਦੋ ਖੱਡਾਂ ਬੰਦ ਕਰਨ ਦੀ ਸਿਫਾਰਿਸ਼ ਕੀਤੀ ਸੀ, ਜਿਸ ਤੋਂ ਦੋ ਦਿਨਾਂ ਬਾਅਦ ਡਿਪਟੀ ਕਮਿਸ਼ਨਰ ਦੀ ਫਿਰੋਜ਼ਪੁਰ ਤੋਂ ਬਦਲੀ ਕਰ ਦਿੱਤੀ ਗਈ। ਮੁੱਖ ਸਕੱਤਰ ਨੂੰ ਲਿਖੇ ਪੱਤਰ 'ਚ ਚੰਦਰ ਗੈਂਦ ਨੇ ਕਿਹਾ ਹੈ ਕਿ ਨਸ਼ੇ ਦੇ ਧੰਦੇ ਵਿੱਚ ਸ਼ਾਮਲ ਰਹੇ ਚਾਰ ਹਿਸਟਰੀ ਸ਼ੀਟਰ ਇਨ੍ਹਾਂ ਖੱਡਾਂ ਵਿੱਚੋਂ ਮਾਈਲਿੰਗ 'ਚ ਸ਼ਾਮਲ ਹਨ ਤੇ ਸਰਹੱਦ ਨੇੜੇ ਸਥਿਤ ਇਨ੍ਹਾਂ ਖੱਡਾਂ 'ਚੋਂ ਰੇਤਾ ਤੇ ਬਜਰੀ ਦੀ ਮਾਈਨਿੰਗ ਦੇ ਬਹਾਨੇ ਸਮੱਗਲਰ ਡਰੱਗ ਤੇ ਹਥਿਆਰਾਂ ਦੀ ਸਮੱਗਲਿੰਗ ਕਰ ਸਕਦੇ ਹਨ। ਗੈਂਦ ਵੱਲੋਂ ਮੁੱਖ ਸਕੱਤਰ ਨੂੰ 31 ਜਨਵਰੀ ਨੂੰ ਲਿਖੇ ਪੱਤਰ ਦੇ ਦੋ ਦਿਨਾਂ ਬਾਅਦ ਉਨ੍ਹਾਂ ਨੂੰ



ਫਿਰੋਜ਼ਪੁਰ ਦੇ ਡੀ ਸੀ ਦੇ ਅਹੁਦੇ ਤੋਂ ਤਬਦੀਲ ਕਰ ਦਿੱਤਾ ਗਿਆ ਪਰ ਉਨ੍ਹਾਂ ਵੱਲੋਂ ਲਿਖੇ ਪੱਤਰ ਸਦਕਾ ਅੰਤਰਰਾਸ਼ਟਰੀ ਸਰਹੱਦ ਨੇੜੇ ਡਰੱਗ ਤੇ ਹਥਿਆਰਾਂ ਦੇ ਸਮੱਗਲਰਾਂ ਵੱਲੋਂ ਅਪਣਾਏ ਜਾਣ ਵਾਲੇ ਇੱਕ ਮਾਡਿਊਲ ਤੋਂ ਪਰਦਾ ਉਠ ਗਿਆ ਹੈ। ਫਿਰੋਜ਼ਪੁਰ 'ਚ ਥਾਣਾ ਆਰਿਫਕੇ ਦੇ ਐਸ ਐਚ ਓ ਦੀ ਰਿਪੋਰਟ ਉੱਤੇ ਮੁੱਖ ਸਕੱਤਰ ਨੂੰ ਭੇਜੇ ਇਸ ਪੱਤਰ 'ਚ ਚੰਦਰ ਗੈਂਦ ਨੇ ਕਿਹਾ ਹੈ ਕਿ ਕਾਮਲਵਾਲਾ ਪਿੰਡ ਦੇ ਕੁਲਦੀਪ ਸਿੰਘ ਬਿੱਲਾ, ਇਕਬਾਲ ਸਿੰਘ, ਸੁਖਵਿੰਦਰ ਸਿੰਘ, ਕੇਵਲ ਸਿੰਘ ਅਤੇ ਪਿੰਡ ਭੰਗੂਵਾਲਾ ਪਿੰਡ ਦਾ ਭੰਗੂ ਸਿੰਘ ਨਾਜਾਇਜ਼ ਮਾਈਨਿੰਗ ਦੇ ਧੰਦੇ 'ਚ ਸ਼ਾਮਲ ਹਨ। ਸਥਾਨਕ ਐਸ ਐਚ ਓ ਦੀ ਰਿਪੋਰਟ ਦੀ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਚਾਰਾਂ ਹਿਸਟਰੀ ਸ਼ੀਟਰ ਭਰਾਵਾਂ ਨੇ ਜਿੱਥੇ ਰੇਤਾ ਤੇ ਬਜਰੀ ਦਾ ਡੰਪ ਬਣਾਇਆ ਹੈ, ਉਥੇ ਇੱਕ ਹੋਰ ਸਮੱਗਲਰ ਜੱਗਾ ਸਿੰਘ ਦਾ ਡੰਪ ਵੀ ਹੈ। ਚਾਰਾਂ ਹਿਸਟਰੀ ਸ਼ੀਟਰ ਭਰਾਵਾਂ 'ਚੋਂ ਇਕਬਾਲ ਸਿੰਘ ਉਤੇ ਨੌਂ ਮਾਮਲੇ ਦਰਜ ਹਨ। ਕੇਵਲ ਸਿੰਘ, ਸੁਖਵਿੰਦਰ ਸਿੰਘ ਤੇ ਜੇਲ੍ਹ 'ਚ ਬੰਦ ਕੁਲਦੀਪ ਸਿੰਘ ਬਿੱਲਾ 'ਤੇ ਪੰਜ-ਪੰਜ ਕੇਸ ਚੱਲਦੇ ਹਨ, ਜਿਨ੍ਹਾਂ 'ਚ ਹੈਰੋਇਨ ਤੋਂ ਇਲਾਵਾ ਏ ਕੇ 56 ਰਾਈਫਲ ਅਤੇ ਦੋ ਪਿਸਤੌਲਾਂ ਦੀ ਰਿਕਵਰੀ ਦੇ ਕੇਸ ਵੀ ਹਨ। ਇਸ ਇਲਾਕੇ 'ਚ ਸਰਗਰਮ ਜੱਗਾ ਸਿੰਘ 'ਤੇ 15 ਕੇਸ ਦਰਜ ਹਨ।

## ਢੱਡਰੀਆਂ ਵਾਲਾ ਦਾ ਸਮਾਗਮ ਰੋਕਣ ਗਏ ਨਿਹੰਗ ਸਿੰਘ ਪੁਲਿਸ ਨੇ ਰੋਕੇ

ਧਨੌਲਾ, 9 ਫਰਵਰੀ, (ਪੋਸਟ ਬਿਊਰੋ)- ਜ਼ਿਲਾ ਮਾਨਸਾ ਦੇ ਪਿੰਡ ਜੋਗਾ ਵਿਖੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਾ ਦੇ ਜਥੇ ਵੱਲੋਂ ਸਜਾਏ ਜਾ ਰਹੇ ਧਾਰਮਿਕ ਸਮਾਗਮ ਨੂੰ ਰੋਕਣ ਲਈ ਦਮਦਮੀ ਟਕਸਾਲ ਦੇ ਆਗੂ ਅਮਰੀਕ ਸਿੰਘ ਅਜਨਾਲਾ ਦੀ ਅਗਵਾਈ ਵਿੱਚ ਜਾ ਰਹੇ ਲਗਭਗ 100 ਸਿੰਘਾਂ ਦੇ ਜਥੇ ਨੂੰ ਜ਼ਿਲ੍ਹਾ ਬਰਨਾਲਾ ਅਤੇ ਜ਼ਿਲ੍ਹਾ ਮਾਨਸਾ ਦੀ ਪੁਲਿਸ ਨੇ ਪਿੰਡ ਕੋਟ ਦੁੰਨਾ ਦੇ ਗੁਰਦੁ-ਆਰਾ ਅਕਾਲ ਬੁੰਗਾ ਸਾਹਿਬ ਵਿਖੇ ਰੋਕ ਲਿਆ।

ਪਤਾ ਲੱਗਾ ਹੈ ਕਿ ਏਥੇ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਇਸ ਜਥੇ ਦੇ ਆਗੂਆਂ ਨੇ ਸਾਫ ਕਿਹਾ ਕਿ ਢੱਡਰੀਆਂ ਵਾਲਾ ਦੋ ਸਾਲਾਂ ਤੋਂ ਸਿੱਖ



ਪੰਥ ਦੇ ਵਿਰੁੱਧ ਕੂੜ ਪ੍ਰਚਾਰ ਕਰ ਰਿਹਾ ਹੈ, ਉਸ ਨੂੰ ਰੋਕਿਆ ਨਹੀਂ ਜਾਂਦਾ ਤੇ ਉਸ ਨੂੰ ਸਰਕਾਰੀ ਸ਼ਹਿ ਤੇ ਕਾਂਗਰਸ ਪਾਰਟੀ ਦੀ ਹਮਾਇਤ ਹੋਣ ਕਰ ਕੇ ਸਮਾਗਮ ਕਰਨ ਲਈ ਪ੍ਰਸ਼ਾਸਨ ਵੱਲੋਂ ਖੁੱਲੀ ਦਿੱਤੀ ਜਾਂਦੀ ਹੈ ਅਤੇ ਸਮਾਗਮ ਕਰਾਉਣ ਲਈ ਪੂਰੀ ਤਾਕਤ ਵੀ ਝੋਕ ਦਿੱਤੀ ਜਾਂਦੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਉਹ ਢੱਡਰੀਆਂ ਵਾਲਾ ਵਿਰੁੱਧ ਆਪਣੀ ਗੱਲ ਡੰਕੇ ਦੀ ਚੋਟ ਉੱਤੇ ਕਰਨਗੇ।

ਇਸ ਮੌਕੇ ਇਹ ਸਾਰਾ ਇਲਾਕਾ ਪੁਲਿਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਗਿਆ। ਮਾਨਸਾ ਪੁਲਿਸ ਦੇ ਐੱਸ ਪੀ ਦੀ ਅਗਵਾਈ ਹੇਠ ਬਹੁਤ ਸਾਰੀ ਫੋਰਸ ਲਾਈ ਗਈ, ਜਦ ਕਿ ਡਿਊਟੀ ਮੈਜਿਸਟਰੇਟ ਵਜੋਂ ਆਸ਼ੂ ਪ੍ਰਭਾਸ ਜੋਸ਼ੀ ਨਾਇਬ ਤਹਿਸੀਲਦਾਰ ਧਨੌਲਾ, ਜੀਵਨ ਕੁਮਾਰ ਨਾਇਬ ਤਹਿਸੀਲਦਾਰ ਜੋਗਾ ਅਤੇ ਨਾਇਬ ਤਹਿਸੀਲਦਾਰ ਓਮ ਪ੍ਰਕਾਸ਼ ਮੌਕੇ ਉੱਤੇ ਮੌਜੂਦ ਰਹੇ। ਰੋਕਣ ਗਏ ਜਥੇ ਵਿੱਚ ਸ਼ਾਮਲ ਸਿੰਘਾਂ ਨੇ ਜਦੋਂ ਗੁਰਦੁਆਰਾ ਸਾਹਿਬ ਤੋਂ ਅੱਗੇ ਜਾਣਾ ਸੀ ਤਾਂ ਜ਼ਿਲਾ ਮਾਨਸਾ ਪੁਲਿਸ ਨੇ ਨਿਮਰਤਾ ਨਾਲ ਉਨ੍ਹਾਂ ਨੂੰ ਪੁਲਿਸ ਬੱਸਾਂ ਵਿੱਚ ਬਿਠਾ ਲਿਆ ਤੇ ਸਾਰੇ ਸਿੰਘ ਪੰਜਾਬ ਸਰਕਾਰ ਤੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਾ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਬੱਸਾਂ ਵਿੱਚ ਬੈਠ ਗਏ।

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers
from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under
INVESTORS CLASS IMMIGRATION

Atlantic Immigration


By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## 2000 ਰੁਪਏ ਦੇ ਨੋਟ ਵੀ ਚੱਲਣ ਤੋਂ ਬਾਹਰ ਹੋਣ ਦਾ ਡਰ ਪਿਆ



ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਕੀ ਨਰਿੰਦਰ ਮੋਦੀ ਸਰਕਾਰ ਹੌਲੀ ਹੌਲੀ 200 ਰੁਪਏ ਦੇ ਨੋਟ ਨੂੰ ਮਾਰਕੀਟ ਤੋਂ ਬਾਹਰ ਕਰਨਾ ਚਾਹੁੰਦੀ ਹੈ? ਇੱਕ ਰਿਪੋਰਟ ਮੁਤਾਬਕ ਇੱਕ ਸਰਕਾਰੀ ਬੈਂਕ ਨੇ ਆਪਣੇ ਸਟਾਫ ਨੂੰ ਲਿਖਤੀ ਹੁਕਮ ਜਾਰੀ ਕਰ ਕੇ ਕਿਹਾ ਹੈ ਕਿ ਉਹ 2000 ਰੁਪਏ ਦੇ ਨੋਟ ਗਾਹਕਾਂ ਨੂੰ ਨਾ ਦੇਣ। ਇਸ ਤੋਂ ਇਲਾਵਾ ਏ ਟੀ ਐੱਮ ਵਿੱਚ ਵੀ ਇਨ੍ਹਾਂ ਨੂੰ ਨਾ ਪਾਇਆ ਜਾਵੇ। ਬੈਂਕ ਅਧਿਕਾਰੀਆਂ ਨੂੰ ਏ ਟੀ ਐੱਮ ਵਿੱਚ 500 ਤੋਂ ਇਲਾਵਾ 200 ਅਤੇ 100 ਰੁਪਏ ਦੇ ਨੋਟ ਪਾਏ ਜਾਣ ਦਾ ਨਿਰਦੇਸ਼ ਜਾਰੀ ਕੀਤਾ ਗਿਆ ਹੈ।

ਇੱਕ ਅੰਗਰੇਜ਼ੀ ਵੈੱਬਸਾਈਟ ਦੀ ਰਿਪੋਰਟ ਵਿੱਚ ਬੈਂਕ ਦੇ ਇੱਕ ਅਧਿਕਾਰੀ ਦੇ ਹਵਾਲੇ ਨਾਲ ਇਹ ਗੱਲ ਕਹੀ ਗਈ ਹੈ। ਰਿਪੋਰਟ ਮੁਤਾਬਕ ਈ-ਮੇਲ ਰਾਹੀਂ ਬੈਂਕ ਕਰਮਚਾਰੀਆਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ ਨਿਕਾਸੀ ਲਈ ਆਉਣ ਵਾਲੇ ਗਾਹਕਾਂ ਨੂੰ 2000 ਰੁਪਏ ਦੀ ਬਜਾਏ ਦੂਜੇ ਨੋਟ ਦੇਣ। ਇਸ ਤੋਂ ਇਲਾਵਾ ਏ ਟੀ ਐੱਮ ਵਿੱਚ ਵੀ ਇਨ੍ਹਾਂ ਨੂੰ ਨਾ ਭਰਿਆ ਜਾਵੇ। ਗਾਹਕਾਂ ਲਈ ਇਸ ਵਿੱਚ ਚਿੰਤਾ ਦੀ ਕੋਈ ਗੱਲ ਨਹੀਂ ਹੈ। ਬੈਂਕ ਵੱਲੋਂ ਜਾਰੀ ਨਿਰਦੇਸ਼ 'ਚ ਗਾਹਕਾਂ ਵੱਲੋਂ 2000 ਦੇ ਨੋਟ ਨੂੰ ਲੈਂਦੇ ਰਹਿਣ ਲਈ ਕਿਹਾ ਗਿਆ ਹੈ। ਬੈਂਕ ਵੱਲੋਂ ਭੇਜੇ ਗਏ ਈ-ਮੇਲ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਛੇਤੀ ਹੀ ਇਸ ਬਾਰੇ ਰਸਮੀ ਨਿਰਦੇਸ਼ ਜਾਰੀ ਕੀਤਾ ਜਾਵੇਗਾ।

ਰਿਪੋਰਟ ਮੁਤਾਬਕ ਬੈਂਕ ਨੇ ਕਰਮਚਾਰੀਆਂ ਨੂੰ ਕਿਹਾ ਕਿ ਉਹ 100 ਦੇ ਨੋਟਾਂ ਦਾ ਜ਼ਿਆਦਾ ਤੋਂ ਜ਼ਿਆਦਾ ਲੈਣ ਦੇਣ ਕਰਨ। ਨਿਰਦੇਸ਼ ਮੁਤਾਬਕ ਕਰੰਸੀ ਚੈਸਟ ਤੋਂ ਵੀ 100 ਰੁਪਏ ਦੇ ਨੋਟਾਂ ਦੀ ਸਪਲਾਈ ਨੂੰ ਵਿਸ਼ੇਸ਼ ਤੌਰ 'ਤੇ ਵਧਾਇਆ ਜਾਵੇਗਾ। ਇਹ ਨਿਰਦੇਸ਼ ਓਦੋਂ ਸਾਹਮਣੇ ਆਇਆ ਹੈ, ਜਦੋਂ ਕੁਝ ਦਿਨਾਂ ਪਹਿਲਾਂ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਵਿੱਚ 200 ਰੁਪਏ ਦੇ ਨਕਲੀ ਨੋਟਾਂ ਦਾ ਹੜ੍ਹ ਆਉਣ ਦੀ ਗੱਲ ਕਹੀ ਗਈ ਸੀ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕੁੱਲ ਬਰਾਮਦ ਕੀਤੇ ਗਏ ਨਕਲੀ ਨੋਟਾਂ ਵਿੱਚ 56 ਫੀਸਦੀ ਹਿੱਸਾ 2000 ਰੁਪਏ ਦੇ ਨੋਟਾਂ ਦਾ ਹੈ।

2000 ਰੁਪਏ ਦੇ ਨੋਟ ਏ ਟੀ ਐੱਮ ਦੇ ਕਾਬਲ ਨਹੀਂ ਰਹੇ। ਇਨ੍ਹਾਂ ਨੋਟਾਂ ਦੀ ਛਾਂਟੀ ਲਈ ਬੈਂਕਾਂ ਵਿੱਚ ਲੱਗੀਆਂ ਸੁਪਰ ਸਾਰਟਿੰਗ ਮਸ਼ੀਨਾਂ ਨੇ 2000 ਦੇ ਨੋਟਾਂ ਨੂੰ ਏ ਟੀ ਐੱਮ ਦੇ ਕਾਬਲ ਨਹੀਂ ਮੰਨਿਆ। 100 ਨੋਟਾਂ 'ਚੋਂ ਸਿਰਫ ਅੱਠ-10 ਨੋਟ ਏ ਟੀ ਐੱਮ ਵਿੱਚ ਚੱਲਣ ਦੇ ਯੋਗ ਹਨ। ਇਹ ਹਾਲ ਵੇਖ ਕੇ ਬੈਂਕ ਆਫ ਇੰਡੀਆ, ਪੀ ਐੱਨ ਬੀ ਅਤੇ ਕਈ ਵੱਡੇ ਬੈਂਕਾਂ ਨੇ ਏ ਟੀ ਐੱਮ ਵਿੱਚੋਂ 2000 ਦੇ ਕੈਸੇਟ ਹਟਾ ਦਿੱਤੇ ਹਨ। ਅੱਠ ਨਵੰਬਰ 2016 ਨੂੰ ਨੋਟਬੰਦੀ ਤੋਂ ਬਾਅਦ ਪਹਿਲੀ ਵਾਰ 2000 ਦੇ ਨੋਟ ਆਰ ਬੀ ਆਈ ਨੇ ਛਾਪੇ ਸਨ। ਮਈ 2017 ਤੋਂ 2000 ਦੇ ਨੋਟਾਂ ਦੀ ਛਪਾਈ ਬੰਦ ਕਰ ਦਿੱਤੀ ਗਈ। ਇਨ੍ਹਾਂ 32 ਮਹੀਨਿਆਂ 'ਚ 2000 ਦੇ ਨੋਟ ਸਭ ਤੋਂ ਜ਼ਿਆਦਾ ਚਲਨ 'ਚ ਆਏ ਅਤੇ ਇਸ ਵਜ੍ਹਾ ਨਾਲ ਉਨ੍ਹਾਂ ਦੀ ਹਾਲਤ ਜ਼ਿਆਦਾ ਖਰਾਬ ਹੋ ਗਈ।

## ਦਿੱਲੀ ਵਿਧਾਨਸਭਾ ਚੋਣਾਂ 'ਚ ਐਗਜ਼ਿਟ ਪੋਲ ਮੁਤਾਬਕ ਆਮ ਆਦਮੀ ਪਾਰਟੀ ਦੀ ਸਰਕਾਰ ਫਿਰ ਬਣੇਗੀ

### * ਸਾਰੇ ਮੀਡੀਆ ਸਰਵੇਖਣਾਂ ਵਿੱਚ ਕੇਜਰੀਵਾਲ ਦਾ ਪੱਲੜਾ ਭਾਰੂ

ਨਵੀਂ ਦਿੱਲੀ, 9 ਫਰਵਰੀ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈਣ ਦਾ ਕੰਮ ਸਿਰੇ ਚੜ੍ਹ ਗਿਆ ਤੇ ਮਿਲੀ ਜਾਣਕਾਰੀ ਅਨੁਸਾਰ 61 ਫੀਸਦੀ ਵੋਟਾਂ ਪਈਆਂ ਹਨ, ਜਿਹੜੀਆਂ ਪਿਛਲੀ ਵਾਰੀ ਤੋਂ ਛੇ ਫੀਸਦੀ ਘੱਟ ਹਨ। ਇਸ 70 ਮੈਂਬਰੀ ਵਿਧਾਨ ਸਭਾ ਲਈ ਵੋਟਾਂ ਪੈਣ ਦੀ ਪ੍ਰਕਿਰਿਆ ਸ਼ਾਮ 6 ਵਜੇ ਖਤਮ ਹੁੰਦੇ ਸਾਰ ਹੀ ਐਗਜ਼ਿਟ ਪੋਲ ਦੇ ਰੁਝਾਨ ਆਉਣੇ ਸ਼ੁਰੂ ਹੋ ਗਏ, ਜਿਹੜੇ ਸਾਰੇ ਦੇ ਸਾਰੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਜਾਂਦੇ ਹਨ।

ਅੰਗਰੇਜ਼ੀ ਚੈਨਲ ਟਾਈਮਜ਼ ਨਾਓ ਦੇ ਐਗਜ਼ਿਟ ਪੋਲ ਮੁਤਾਬਕ ਦਿੱਲੀ ਵਿੱਚ ਸਰਕਾਰ ਫਿਰ ਆਮ ਆਦਮੀ ਪਾਰਟੀ ਦੀ ਬਣਦੀ ਨਜ਼ਰ ਆਈ ਹੈ। ਇੰਡੀਆ ਨਿਊਜ਼ ਨੇਸ਼ਨ ਦੇ



ਐਗਜ਼ਿਟ ਪੋਲ ਦੇ ਮੁਤਾਬਕ ਦਿੱਲੀ ਵਿਚ ਆਮ ਆਦਮੀ ਪਾਰਟੀ ਨੂੰ 55 ਸੀਟਾਂ, ਭਾਜਪਾ ਨੂੰ ਸਿਰਫ 14 ਅਤੇ ਕਾਂਗਰਸ ਨੂੰ ਇਕ ਸੀਟ ਮਿਲ ਸਕਦੀ ਹੈ। ਨਿਊਜ਼ ਐਕਸ-ਨੇਤਾ ਦੇ ਐਗਜ਼ਿਟ ਪੋਲ ਮੁਤਾਬਕ ਆਮ ਆਦਮੀ ਪਾਰਟੀ ਨੂੰ 55 ਸੀਟਾਂ ਮਿਲਣਗੀਆਂ। ਰੀਪਬਲਿਕਨ ਅਤੇ ਜਨਤਾ ਦੀ ਗੱਲ ਦੇ ਐਗਜ਼ਿਟ ਪੋਲ ਮੁਤਾਬਕ ਆਮ ਆਦਮੀ ਪਾਰਟੀ ਨੂੰ 48 ਤੋਂ 61 ਸੀਟਾਂ, ਭਾਜਪਾ ਨੂੰ 9 ਤੋਂ 21 ਅਤੇ ਕਾਂਗਰਸ ਨੂੰ 0-1 ਸੀਟਾਂ ਮਿਲਣ ਦਾ ਅੰਦਾਜ਼ਾ ਹੈ। ਟਾਈਮਜ਼ ਨਾਓ ਦੇ ਐਗਜ਼ਿਟ ਪੋਲ ਮੁਤਾਬਕ ਆਮ ਆਦਮੀ ਪਾਰਟੀ ਨੂੰ 44 ਸੀਟਾਂ ਮਿਲਣ ਦੇ ਬਾਅਦ ਭਾਜਪਾ ਨੂੰ ਬਾਕੀ 26 ਸੀਟਾਂ ਮਿਲ ਸਕਦੀਆਂ ਹਨ ਤੇ ਕਾਂਗਰਸ ਦਾ ਖਾਤਾ ਖਾਲੀ ਰਹੇਗਾ।

ਚੋਣ ਕਮਿਸ਼ਨ ਵੱਲੋਂ ਦਿੱਤੇ ਅੰਕੜਿਆਂ ਮੁਤਾਬਕ ਸ਼ਾਮ 6 ਵਜੇ ਤੱਕ ਦਿੱਲੀ ਵਿੱਚ ਲਗਭਗ 61 ਫੀਸਦੀ ਵੋਟਿੰਗ ਹੋਈ ਹੈ, ਪਰ ਸ਼ਾਮ ਤੱਕ ਪੂਰੇ ਅੰਕੜੇ ਨਹੀਂ ਆਏ ਸਨ। ਵਰਨਣ ਯੋਗ ਹੈ ਕਿ ਪਿਛਲੀਆਂ 2015 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਲੋਕਾਂ ਦੇ ਜ਼ਬਰਦਸਤ ਨਾਲ 70 ਸੀਟਾਂ ਵਿਚੋਂ 67 ਜਿੱਤ ਲਈਆਂ ਅਤੇ ਭਾਜਪਾ ਨੂੰ ਸਿਰਫ 3 ਸੀਟਾਂ ਮਿਲੀਆਂ ਸਨ, ਜਦ ਕਿ ਕਾਂਗਰਸ ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ ਸੀ।

## ਵੁਹਾਨ ਵਿੱਚ ਫਸੀ ਹੋਈ ਭਾਰਤੀ ਔਰਤ ਨੇ ਵੀਡੀਓ ਨਾਲ ਹਾਲਾਤ ਦੱਸੇ

ਕੋਚੀ, 9 ਫਰਵਰੀ (ਪੋਸਟ ਬਿਊਰੋ)- ਚੀਨ ਦੇ ਵੁਹਾਨ ਸ਼ਹਿਰ ਵਿੱਚ ਫਸੀ ਇੱਕ ਭਾਰਤੀ ਮਹਿਲਾ ਨੇ ਵੀਡੀਓ ਜਾਰੀ ਕਰ ਕੇ ਆਪਣੇ ਹਾਲਾਤ ਦੱਸੇ ਹਨ। ਜੋਤੀ ਅਨੇਮ ਨਾਂਅ ਦੀ ਮਹਿਲਾ ਨੇ ਦੱਸਿਆ ਕਿ ਲਗਾਤਾਰ ਸੱਤਵੇਂ ਦਿਨ ਉਨ੍ਹਾਂ ਨੂੰ ਏਅਰ ਇੰਡੀਆ ਦੀ ਫਲਾਈਟ ਤੋਂ ਭਾਰਤ ਨਹੀਂ ਆਉਣ ਦਿੱਤਾ ਗਿਆ। ਇਸ ਦੌਰਾਨ ਚੀਨ ਦੇ ਹੁਬੇਈ ਸੂਬੇ ਵਿੱਚ ਫਸੇ ਕੇਰਲ ਦੇ 15 ਵਿਦਿਆਰਥੀ ਕੋਚੀਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚ ਗਏ। ਇਨਫੈਕਟਿਡ ਹੋਣ ਦੇ ਸ਼ੱਕ ਹੇਠ ਕੇਰਲ ਦੇ 3,014 ਲੋਕਾਂ ਅਤੇ ਕਰਨਾਟਕ ਦੇ ਉਡੀਪੀ ਵਿੱਚ ਚਾਰ ਲੋਕਾਂ ਨੂੰ ਨਿਗਰਾਨੀ ਵਿੱਚ ਰੱਖਿਆ ਗਿਆ ਹੈ।

ਜੋਤੀ ਅਨੇਮ ਦਾ ਕਹਿਣਾ ਹੈ ਕਿ ਅਜਿਹਾ ਉਨ੍ਹਾਂ ਦੇ ਕੋਰੋਨਾ ਵਾਇਰਸ ਤੋਂ ਪੀੜਤ ਹੋਣ ਦੇ ਸ਼ੱਕ ਦੇ ਕਾਰਨ ਕੀਤਾ ਜਾ ਰਿਹਾ ਹੈ, ਜਦ ਕਿ ਅਜੇ ਤੱਕ ਇੱਕ ਵਾਰ ਵੀ ਟੈਸਟ ਕਰ ਕੇ ਇਸ ਦੀ ਪੁਸ਼ਟੀ ਕਰਨ ਦੀ ਕੋਸ਼ਿਸ਼ ਨਹੀਂ ਹੋਈ। ਵੀਡੀਓ ਵਿੱਚ ਜੋਤੀ ਕਹਿੰਦੀ ਹੈ ਕਿ ਮੈਂ ਰੋਜ਼ ਭਾਰਤੀ ਦੂਤਘਰ ਨਾਲ ਗੱਲ ਕਰਦੀ ਅਤੇ ਪੁੱਛਦੀ ਰਹੀ ਕਿ ਘਰ ਕਦੋਂ ਜਾ ਸਕਾਂਗੀ? ਮੈਨੂੰ ਕਿਹਾ ਜਾਂਦਾ ਰਿਹਾ ਕਿ ਚੀਨੀ ਅਧਿਕਾਰੀਆਂ ਨਾਲ ਗੱਲ ਹੋ ਰਹੀ ਹੈ ਤੇ ਉਹ ਪਾਜ਼ਿਟਿਵ ਰੁਖ਼ ਨਹੀਂ ਦਿਖਾ ਰਹੇ। ਜੋਤੀ ਪਿਛਲੇ ਸਾਲ ਅਗਸਤ ਤੋਂ ਕੰਮ ਦੇ ਸਿਲਸਿਲੇ ਵਿੱਚ ਚੀਨ ਦੇ ਵੁਹਾਨ ਵਿੱਚ ਹੈ ਅਤੇ ਉਥੇ ਹੀ ਫਸ ਗਈ ਹੈ। ਉਹ ਆਂਧਰਾ ਪ੍ਰਦੇਸ਼ ਦੇ ਕੁਰਨੂਲ ਜ਼ਿਲੇ ਦੇ ਕੋਇਲਕੁੰਤਲ ਮੰਡਲ ਦੇ ਬਿਜਿਨਾਵੇ-ਮੁਲਾ ਪਿੰਡ ਦੀ ਵਸਨੀਕ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਵੀਜ਼ਾ 19 ਫਰਵਰੀ ਨੂੰ ਖਤਮ ਹੋ ਰਿਹਾ ਹੈ।

ਹਵਾਈ ਅੱਡਾ ਅਧਿਕਾਰੀਆਂ ਨੇ ਦੱਸਿਆ ਕਿ ਓਥੋਂ ਲਿਆਂਦੇ ਵਿਦਿਆਰਥੀਆਂ ਦੀ ਥਰਮਲ ਜਾਂਚ ਕੀਤੀ ਗਈ ਹੈ ਤਾਂ ਕਿ ਪਤਾ ਲਾਇਆ ਜਾ ਸਕੇ ਕਿ ਉਹ ਕੋਰੋਨਾ ਵਾਇਰਸ ਤੋਂ ਪੀੜਤ ਤਾਂ ਨਹੀਂ। ਇਹ ਵਿਦਿਆਰਥੀ ਕੁਨਮਿੰਗ ਹਵਾਈ ਅੱਡੇ ਤੋਂ ਬੈਂਕਾਕ ਪਹੁੰਚੇ ਤੇ ਇਸ ਦੇ ਬਾਅਦ ਏਅਰ ਏਸ਼ੀਆ ਦੇ ਜਹਾਜ਼ ਤੋਂ ਇਥੇ ਪਹੁੰਚੇ।

## ਦੋ ਐਕਸਚੇਂਜਾਂ ਦਾ ਭੇਦ ਖੁੱਲ੍ਹਣ ਪਿੱਛੋਂ ਆਈ ਐੱਸ ਆਈ ਨਾਲ ਲਿੰਕ ਦਾ ਸ਼ੱਕ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੀ ਮਿਲਟਰੀ ਇੰਟੈਲੀਜੈਂਸ ਤੇ ਮੁੰਬਈ ਪੁਲਸ ਨੇ ਤਾਲਮੇਲ ਦੇ ਨਾਲ ਦੋ ਵੀ ਓ ਆਈ ਪੀ (ਵਾਇਸ ਓਵਰ ਇੰਟਰਨੈੱਟ ਪ੍ਰੋਟੋਕਾਲ) ਐਕਸਚੇਂਜ ਤੇ ਸਿਮ ਬਾਕਸ ਦਾ ਪਰਦਾ ਫਾਸ਼ ਕੀਤਾ ਹੈ। ਇਨ੍ਹਾਂ ਦੀ ਵਰਤੋਂ ਫੌਜੀ ਜਵਾਨਾਂ ਤੋਂ ਜਾਣਕਾਰੀਆਂ ਜੁਟਾਉਣ ਲਈ ਕੀਤੀ ਜਾਂਦੀ ਰਹੀ ਹੈ ਅਤੇ ਸ਼ੱਕ ਹੈ ਕਿ ਇਸ ਵਿੱਚ ਪਾਕਿ-ਸਤਾਨ ਖੁਫੀਆ ਏਜੰਸੀ ਆਈ ਐਸ ਆਈ ਦਾ ਹੱਥ ਹੈ।

ਵੀਰਵਾਰ ਨੂੰ ਉਤਰ ਪ੍ਰਦੇਸ਼ ਵਿੱਚ ਨੋਇਡਾ ਤੇ ਕੇਰਲ ਵਿੱਚ ਚੰਗਾਰਾ-ਮੁਕੁਲਮ ਵਿੱਚ ਛਾਪੇ ਮਾਰੇ ਗਏ ਸਨ। ਫੌਜੀ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਛਾਪਿਆਂ ਵਿੱਚ ਦੋ ਸਰਗਰਮ ਸਿਮ ਬਾਕਸ ਮਿਲੇ। ਇਨ੍ਹਾਂ ਵਿੱਚੋਂ ਹਰ ਬਾਕਸ 'ਚ 100 ਸਿਮ ਕਾਰਡ ਦੇ ਸਲਾਟ ਹਨ। ਇਸ ਤੋਂ ਇਲਾਵਾ ਦੋ ਰੂਟਰ, ਤਿੰਨ ਮੋਡਮ, ਕਈ ਐਂਟੀਨਾ, ਬੈਟਰੀਆਂ ਅਤੇ ਕਨੈਕਟਰ ਬਰਾਮਦ ਹੋਏ। ਇਸ ਦੌਰਾਨ ਇੱਕ ਵਿਅਕਤੀ ਨੂੰ ਚੰਗਾਰਾਮੁਕੁਲਮ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

ਸਤੰਬਰ 2019 ਵਿੱਚ ਫੌਜੀ ਜਵਾਨਾਂ ਨੂੰ ਸ਼ੱਕੀ ਨੰਬਰਾਂ ਤੋਂ ਕਾਲ ਆਈ ਸੀ ਜਿਨ੍ਹਾਂ ਵਿੱਚ ਅਹਿਮ ਫੌਜੀ ਟਿਕਾਣਿਆਂ ਨਾਲ ਜੁੜੀਆਂ ਜਾਣਕਾਰੀਆਂ ਮੰਗੀਆਂ ਗਈਆਂ ਸਨ। ਕਾਲ ਕਰਨ ਵਾਲਿਆਂ ਨੇ ਆਪਣੀ ਫਰਜ਼ੀ ਪਛਾਣ ਦਿੱਤੀ ਸੀ, ਇਸ ਲਈ ਇਸ ਵਿੱਚ ਆਈ ਐੱਸ ਆਈ ਦੀ ਸ਼ਮੂਲੀਅਤ ਦਾ ਸ਼ੱਕ ਹੋਇਆ ਸੀ। ਮਿਲਟਰੀ ਇੰਟੈਲੀਜੈਂਸ ਤੇ ਮੁੰਬਈ ਪੁਲਸ ਦੀ ਜਾਂਚ ਵਿੱਚ ਉਤਰ ਪ੍ਰਦੇਸ਼ ਅਤੇ ਕੇਰਲ ਵਿੱਚ ਗੈਰ ਕਾਨੂੰਨੀ ਵੀ ਓ ਆਈ ਪੀ ਐਕਸਚੇਂਜਾਂ ਦਾ ਪਤਾ ਲੱਗਾ, ਜਿਨ੍ਹਾਂ ਨਾਲ ਪਾਕਿਸਤਾਨ ਤੋਂ ਆਉਣ ਵਾਲੀਆਂ ਕਾਲਸ ਨੂੰ ਲੋਕਲ ਨੰਬਰਾਂ 'ਤੇ ਰੂਟ ਕਰ ਦਿੱਤਾ ਜਾਂਦਾ ਸੀ। ਇਨ੍ਹਾਂ ਦੀ ਵਰਤੋਂ ਰੱਖਿਆ ਮੁਲਾਜ਼ਮਾਂ ਤੋਂ ਜਾਣਕਾਰੀਆਂ ਲੈਣ ਲਈ ਕੀਤੀ ਗਈ। ਇਨ੍ਹਾਂ ਐਕਸਚੇਂਜਾਂ ਵਿੱਚ ਚੀਨ ਤੋਂ ਬਣੇ ਸਿਮ ਬਾਕਸ ਦੀ ਵਰਤੋਂ ਕੀਤੀ ਗਈ ਜਿਨ੍ਹਾਂ ਵਿੱਚ ਸਥਾਨਕ ਸੈਲਿਊਲਰ ਸਰਵਿਸ ਪ੍ਰੋਵਾਈਡਰਸ ਦੇ ਸਿਮ ਕਾਰਡਸ ਲਾਏ ਗਏ ਸਨ। ਇਨ੍ਹਾਂ ਸਿਮ ਬਾਕਸ ਵਿੱਚ ਡਾਇਨੈਮਿਕ ਆਈ ਐਮ ਈ ਆਈ ਸਿਸਟਮ ਦੀ ਵੀ ਵਰਤੋਂ ਕੀਤੀ ਗਈ ਜਿਸ ਦੀ ਵਜ੍ਹਾ ਕਰ ਕੇ ਉਨ੍ਹਾਂ ਨੂੰ ਟਰੈਕ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਸੇ ਕਾਰਨ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ (ਟਰਾਈ) ਨੇ ਇਸ ਨੂੰ ਗੈਰ ਕਾਨੂੰਨੀ ਐਲਾਨ ਕਰ ਰੱਖਿਆ ਹੈ।

## ਸਪਾਟ ਫਿਕਸਿੰਗ ਵਿੱਚ ਫਸੇ ਨਾਸਿਰ ਨੂੰ ਹੋਈ ਜੇਲ੍ਹ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਬੱਲੇਬਾਜ਼ ਨਾਸਿਰ ਜਮਸ਼ੇਦ ਨੂੰ ਪਾਕਿਸਤਾਨ ਸੁਪਰ ਲੀਗ (ਪੀ ਐੱਸ ਐੱਲ) 'ਚ ਸਪਾਟ ਫਿਕਸਿੰਗ ਦੇ ਦੋਸ਼ ਵਿੱਚ 17 ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਜਮਸ਼ੇਦ ਨੂੰ ਬ੍ਰਿਟਿਸ਼ ਨਾਗਰਿਕ ਯੂਸਫ ਅਨਵਰ ਤੇ ਮੁਹੰਮਦ ਏਜਾਜ਼ ਨਾਲ ਗ੍ਰਿਫਤਾਰ ਕੀਤਾ ਗਿਆ ਸੀ।

ਜਮਸ਼ੇਦ ਨੇ ਸ਼ੁਰੂ ਵਿੱਚ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਉਨ੍ਹਾਂ ਉਤੇ ਪੀ ਐਸ ਐਲ 2018 ਦੌਰਾਨ ਇਸਲਾਮਾਬਾਦ ਯੂਨਾਈਟਿਡ ਅਤੇ ਪੇਸ਼ਾਵਰ ਜਾਲਮੀ ਵਿਚਾਲੇ ਦੁਬਈ ਵਿੱਚ ਖੇਡੇ ਗਏ ਮੈਚ ਦੌਰਾਨ ਖਿਡਾਰੀਆਂ ਨੂੰ ਜਾਣਬੁਝ ਕੇ ਖਰਾਬ ਖੇਡਣ ਲਈ ਕਹਿਣ ਦਾ ਦੋਸ਼ ਹੈ। ਜਮਸ਼ੇਦ ਨੂੰ ਪਿਛਲੇ ਸਾਲ ਦਸੰਬਰ



ਵਿੱਚ ਇੰਗਲੈਂਡ ਦੇ ਮਾਨਚੈਸਟਰ ਵਿੱਚ ਸੁਣਵਾਈ ਦੌਰਾਨ ਦੋਸ਼ੀ ਪਾਇਆ ਗਿਆ ਸੀ। ਪਾਕਿਸਤਾਨ ਕ੍ਰਿਕਟ ਬੋਰਡ (ਪੀ ਸੀ ਬੀ) ਨੇ ਉਨ੍ਹਾਂ 'ਤੇ ਅਗਸਤ 2018 ਵਿੱਚ 10 ਸਾਲ ਦੀ ਪਾਬੰਦੀ ਲਾਈ ਸੀ। ਅਨਵਰ ਨੂੰ ਚਾਲੀ ਮਹੀਨੇ ਤੇ ਏਜਾਜ਼ ਨੂੰ ਤੀਹ ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ।

ਮਾਨਚੈਸਟਰ ਕਰਾਊਨ ਕੋਰਟ ਦੇ ਹੁਕਮ ਪਿੱਛੋਂ ਜਮਸ਼ੇਦ ਦੀ ਪਤਨੀ ਸਮਾਰਾ ਅਫਜ਼ਲ ਨੇ ਕਿਹਾ ਹੈ ਕਿ ਨਾਸਿਰ ਦਾ ਰੋਸ਼ਨ ਭਵਿੱਖ ਹੋ ਸਕਦਾ ਸੀ। ਉਨ੍ਹਾਂ ਨੇ ਸਖਤ ਮਿਹਨਤ ਕੀਤੀ ਤੇ ਖੇਡ ਲਈ ਵਚਨਬੱਧ ਸਨ, ਪਰ ਸ਼ਾਰਟ ਕੱਟ ਦੇ ਚੱਕਰ ਵਿੱਚ ਕਰੀਅਰ, ਸਨਮਾਨ ਤੇ ਆਜ਼ਾਦੀ ਸਭ ਗੁਆ ਦਿੱਤਾ। ਉਨ੍ਹਾਂ ਨੂੰ ਬ੍ਰਿਟਿਸ਼ ਨਾਗਰਿਕਤਾ ਮਿਲ ਗਈ ਤੇ ਕਾਊਂਟੀ ਕ੍ਰਿਕਟ ਖੇਡਿਆ, ਪਰ ਉਨ੍ਹਾਂ ਨੇ ਇਸ ਮੌਕੇ ਨੂੰ ਹੱਥੋਂ ਗੁਆ ਦਿੱਤਾ। ਪਿਛਲੇ ਸਾਲ ਦਸੰਬਰ ਵਿੱਚ ਇੱਕ ਅੰਡਰਕਵਰ ਪੁਲਸ ਅਧਿਕਾਰੀ ਨੇ ਸੱਟੇਬਾਜ਼ੀ ਸਿੰਡੀਕੇਟ ਦਾ ਮੈਂਬਰ ਬਣ ਕੇ ਫਿਕਸਿੰਗ ਨਾਲ ਜੁੜੇ ਸਬੂਤਾਂ ਨੂੰ ਜੱਗ ਜ਼ਾਹਰ ਕੀਤਾ ਸੀ।

## ਮਹਿਲਾ ਥਾਣੇਦਾਰ ਦੇ ਕਾਤਲ ਥਾਣੇਦਾਰ ਵੱਲੋਂ ਖ਼ੁਦਕਸ਼ੀ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਦੇ ਰੋਹਿਣੀ ਈਸਟ ਮੈਟਰੋ ਸਟੇਸ਼ਨ ਨੇੜੇ ਸ਼ੁੱਕਰਵਾਰ ਦੇਰ ਰਾਤ ਦਿੱਲੀ ਪੁਲਸ ਦੀ ਟਰੇਨੀ ਮਹਿਲਾ ਸਬ ਇੰਸਪੈਕਟਰ ਪ੍ਰੀਤੀ ਅਹਿਲਾਵਤ ਦਾ ਗੋਲੀ ਮਾਰ ਕੇ ਕਤਲ ਕਰਨ ਦੇ ਬਾਅਦ ਦੋਸ਼ੀ ਟਰੇਨੀ ਸਬ ਇੰਸਪੈਕਟਰ ਦੀਪਾਂਸ਼ੂ ਰਾਠੀ ਨੇ ਸੋਨੀਪਤ ਵਿੱਚ ਆਪਣੇ ਘਰ ਦੇ ਨੇੜੇ ਜਾ ਕੇ ਉਸੇ ਪਿਸਤੌਲ ਨਾਲ ਖੁਦ ਨੂੰ ਗੋਲੀ ਮਾਰ ਲਈ। ਦੋਵੇਂ 2018 ਬੈਚ ਦੇ ਸਬ ਇੰਸਪੈਕਟਰ ਸਨ।

ਸ਼ੁੱਕਰਵਾਰ ਨੂੰ ਇਸ ਘਟਨਾ ਦੇ ਬਾਅਦ ਪੁਲਸ ਨੂੰ ਕਤਲ ਕੀਤੀ ਗਈ ਥਾਣੇਦਾਰ ਕੁੜੀ ਦੇ ਬੈਚ ਮੇਟ ਟਰੇਨੀ ਸਬ ਇੰਸਪੈਕਟਰ ਦੀਪਾਂਸ਼ੂ ਰਾਠੀ 'ਤੇ ਸ਼ੱਕ ਹੋਇਆ ਸੀ। ਪੁਲਸ ਜਾਂਚ ਕਰ ਰਹੀ ਸੀ ਕਿ ਕੱਲ੍ਹ ਤੜਕੇ ਉਸ ਦੀ ਲਾਸ਼ ਸੋਨੀਪਤ ਵਿੱਚ ਕਾਰ ਵਿੱਚ ਮਿਲੀ। ਜਾਂਚ ਵਿੱਚ ਪਤਾ ਲੱਗਾ ਕਿ ਉਸੇ ਨੇ ਪ੍ਰੇਮ ਪ੍ਰਸੰਗ ਵਿੱਚ ਨਾਈਨ ਐੱਮ ਐੱਮ ਪਿਸਤੌਲ ਨਾਲ ਤਿੰਨ ਗੋਲੀਆਂ ਮਾਰ ਕੇ ਪ੍ਰੀਤੀ ਦੀ ਹੱਤਿਆ ਕਰ ਦਿੱਤੀ ਅਤੇ ਕਾਰ ਵਿੱਚ ਦਿੱਲੀ ਤੋਂ ਸੋਨੀਪਤ ਭੱਜ ਕੇ ਸਿਰ ਵਿੱਚ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ।

ਪੁਲਸ ਮੁਤਾਬਕ ਟਰੇਨਿੰਗ ਦੌਰਾਨ ਦੋਵਾਂ ਦੀ ਜਾਨ ਪਛਾਣ ਹੋਈ ਸੀ ਤੇ ਹੌਲੀ-ਹੌਲੀ ਦੋਵੇਂ ਇੱਕ ਦੂਸਰੇ ਨਾਲ ਪਿਆਰ ਕਰਨ ਲੱਗੇ ਸਨ, ਪਰ ਛੇ ਮਹੀਨੇ ਪਹਿਲਾਂ ਪ੍ਰੀਤੀ ਨੇ ਦੀਪਾਂਸ਼ੂ ਤੋਂ ਦੂਰ ਬਣਾ ਲਈ ਸੀ ਅਤੇ ਗੱਲਬਾਤ ਬੰਦ ਕਰ ਦਿੱਤੀ ਸੀ। ਪ੍ਰੀਤੀ ਨੇ ਦੀਪਾਂਸ਼ੂ ਨੂੰ ਕਿਹਾ ਸੀ ਕਿ ਉਹ ਪਹਿਲਾਂ ਆਪਣਾ ਕਰੀਅਰ ਬਣਾਉਣਾ ਚਾਹੁੰਦੀ ਹੈ। ਇਸ 'ਤੇ ਉਹ ਪਰੇਸ਼ਾਨ ਹੋ ਗਿਆ ਸੀ। ਹਾਲਾਤ ਇਹ ਸੀ ਕਿ ਉਹ ਉਸ ਦਾ ਪਿੱਛਾ ਕਰਨ ਲੱਗਾ ਸੀ। ਇਸ ਤੋਂ ਪ੍ਰੀਤੀ ਪਰੇਸ਼ਾਨ ਹੋ ਗਈ ਸੀ। ਸਾਥੀ ਮੁਲਾਜ਼ਮਾਂ ਕੋਲ ਇਸ ਦਾ ਜ਼ਿਕਰ ਕੀਤਾ ਸੀ।

## ਗਾਂਧੀ ਦਾ ਪੜਪੋਤਾ ਕਹਿੰਦੈ, ਹਿੰਦੂ ਜਥੇਬੰਦੀਆਂ ਨੇ ਮੇਰਾ ਪ੍ਰੋਗਰਾਮ ਰੱਦ ਕਰਵਾਇਆ

ਪੁਣੇ, 9 ਫਰਵਰੀ (ਪੋਸਟ ਬਿਊਰੋ)- ਮਹਾਤਮਾ ਗਾਂਧੀ ਦੇ ਪੜਪੋਤੇ ਤੁਸ਼ਾਰ ਗਾਂਧੀ ਨੇ ਦੋਸ਼ ਲਾਇਆ ਹੈ ਕਿ ਹਿੰਦੁਤਵੀ ਜਥੇਬੰਦੀਆਂ ਦੇ ਦਬਾਅ ਹੇਠ ਉਨ੍ਹਾਂ ਨੂੰ ਪੁਣੇ ਦੇ ਇੱਕ ਕਾਲਜ 'ਚ ਆਪਣਾ ਭਾਸ਼ਣ ਕਰਨ ਦਾ ਪ੍ਰੋਗਰਾਮ ਰੱਦ ਕਰਨਾ ਪਿਆ ਹੈ, ਜਿਸ ਦੀ ਕਾਫੀ ਚਰਚਾ ਹੋ ਰਹੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਾਵਿੱਤਰੀ ਬਾਈ ਫੂਲੇ ਯੂਨੀਵਰਸਿਟੀ ਦੇ ਸਹਿਯੋਗ ਨਾਲ 'ਰੀਵਿਜ਼ਟਿੰਗ ਗਾਂਧੀ' ਦੇ ਸਿਰਲੇਖ ਹੇਠ ਇਹ ਪ੍ਰੋਗਰਾਮ ਪੁਣੇ ਦੇ ਮਾਡਰਨ ਕਾਲਜ 'ਚ ਰੱਖਿਆ ਗਿਆ ਸੀ ਤੇ ਇਸ ਵਿੱਚ ਭਾਸ਼ਣ ਦੇਣ ਲਈ ਤੁਸ਼ਾਰ ਗਾਂਧੀ ਸਮੇਤ ਇੱਕ ਹੋਰ



ਗਾਂਧੀਵਾਦੀ ਅਨਵਰ ਰਾਜਨ ਨੂੰ ਸੱਦਾ ਦਿੱਤਾ ਗਿਆ ਸੀ। ਸ੍ਰੀ ਗਾਂਧੀ ਨੇ ਟਵੀਟ ਕੀਤਾ, 'ਮਾਡਰਨ ਕਾਲਜ ਪੁਣੇ ਨੂੰ ਬਾਪੂ ਦੇ 150ਵੇਂ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਰੱਦ ਕਰਨ ਲਈ ਮਜਬੂਰ ਕੀਤਾ ਗਿਆ ਹੈ, ਕਿਉਂਕਿ ਉਨ੍ਹਾਂ ਨੇ ਮੈਨੂੰ ਸੱਦਾ ਦਿੱਤਾ ਸੀ ਅਤੇ ਪਤਿਤ ਪਾਵਨ ਸੰਸਥਾ ਨੇ ਮੇਰੇ ਹਾਜ਼ਰ ਰਹਿਣ 'ਤੇ ਪ੍ਰੋਗਰਾਮ 'ਚ ਅੜਿੱਕਾ ਪਾਉਣ ਦੀ ਧਮਕੀ ਦਿੱਤੀ ਸੀ। ਗੋਲੀ ਮਾਰੋ ਗਰੋਹ ਸਰਗਰਮ ਹੈ।' ਕਾਲਜ ਅਧਿਕਾਰੀਆਂ ਨੇ ਕਿਹਾ ਕਿ ਇਹ ਗੋਸ਼ਟੀ ਤੈਅ ਪ੍ਰੋਗਰਾਮ ਅਨੁਸਾਰ ਹੋਈ ਪਰ ਤੁਸ਼ਾਰ ਗਾਂਧੀ ਦਾ ਭਾਸ਼ਣ ਇਸ ਲਈ ਰੱਦ ਕਰਨਾ ਪਿਆ ਕਿਉਂਕਿ ਕੁਝ ਵਿਦਿਆਰਥੀਆਂ ਨੇ ਪ੍ਰੋਗਰਾਮ 'ਚ ਉਨ੍ਹਾਂ ਦੇ ਆਉਣ 'ਤੇ ਰੋਸ ਮੁਜ਼ਾਹਰੇ ਦੀ ਧਮਕੀ ਦਿੱਤੀ ਸੀ।

## ਅਲਕਾ ਲਾਂਬਾ ਵੱਲੋਂ ਆਮ ਆਦਮੀ ਪਾਰਟੀ ਦੇ ਵਰਕਰ ਨੂੰ ਥੱਪੜ ਮਾਰਨ ਦੀ ਕੋਸ਼ਿਸ਼

### * ਸ਼ਾਹੀਨ ਬਾਗ ਵਿੱਚ ਔਰਤਾਂ ਨੇ ਵਾਰੀ-ਵਾਰੀ ਪਾਈਆਂ ਵੋਟਾਂ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਚਾਦਨੀ ਚੌਕ ਤੋਂ ਕਾਂਗਰਸ ਦੀ ਉਮੀਦਵਾਰ ਅਲਕਾ ਲਾਂਬਾ ਨੇ ਆਮ ਆਦਮੀ ਪਾਰਟੀ (ਆਪ) ਦੇ ਵਰਕਰ ਨੂੰ ਥੱਪੜ ਮਾਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਸ ਵੀਡੀਓ 'ਚ ਲਾਂਬਾ ਆਮ ਆਦਮੀ ਪਾਰਟੀ ਦੇ ਵਰਕਰ ਨਾਲ ਬਹਿਸ ਕਰਦੀ ਦਿਖਾਈ



ਦੇ ਰਹੀ ਹੈ ਤੇ ਫਿਰ ਉਸ ਨੂੰ ਥੱਪੜ ਮਾਰਨ ਦੀ ਕੋਸ਼ਿਸ਼ ਕਰਦੀ ਹੈ।

ਇਸ ਸੰਬੰਦ ਵਿੱਚ ਅਲਕਾ ਲਾਂਬਾ ਨੇ ਦੋਸ਼ ਲਾਇਆ ਕਿ ਉਸ ਆਦਮੀ ਨੇ ਉਸ ਦੇ ਖਿਲਾਫ ਬਹੁਤ ਇਤਰਾਜ਼ ਯੋਗ ਭਾਸ਼ਾ ਦੀ ਵਰਤੋਂ ਕੀਤੀ ਸੀ। ਚਾਂਦਨੀ ਚੌਕ ਤੋਂ ਵਿਧਾਇਕਾ ਲਾਂਬਾ ਆਪਣੇ ਹਲਕੇ ਦੇ ਇੱਕ ਪੋਲਿੰਗ ਬੂਥ ਦਾ ਦੌਰਾ ਕਰ ਰਹੀ ਸੀ, ਜਦੋਂ ਉਕਤ ਘਟਨਾ ਵਾਪਰੀ।

ਇਸ ਦੌਰਾਨ ਖਬਰ ਹੈ ਕਿ ਦਿੱਲੀ ਦੇ ਸ਼ਾਹੀਨ ਬਾਗ 'ਚ ਜਿੱਥੇ ਪਿਛਲੇ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ ਔਰਤਾਂ ਧਰਨੇ 'ਤੇ ਬੈਠੀਆਂ ਹਨ, ਉਨ੍ਹਾਂ ਔਰਤਾਂ ਨੇ ਧਰਨਾ ਜਾਰੀ ਰੱਖਦੇ ਹੋਏ ਵਾਰੀ-ਵਾਰੀ ਵੋਟਾਂ ਪਾਈਆਂ। ਉਨ੍ਹਾਂ ਔਰਤਾਂ ਵਿੱਚੋਂ ਕੁਝ ਨੇ ਸਵੇਰੇ ਵੋਟਾਂ ਪਾਈਆਂ, ਕੁਝ ਨੇ ਦੁਪਹਿਰ ਨੂੰ ਅਤੇ ਬਾਕੀਆਂ ਨੇ ਸ਼ਾਮ ਸਮੇਂ ਆਪਣੇ ਵੋਟ ਅਧਿਕਾਰ ਦੀ ਵਰਤੋਂ ਕੀਤੀ। ਵੋਟਿੰਗ ਤੋਂ ਬਾਅਦ ਧਰਨੇ ਵਾਲੀ ਥਾਂ ਪਹੁੰਚੀ ਮੇਹਜ਼ਬੀਨ ਕੁਰੈਸ਼ੀ ਨੇ ਕਿਹਾ ਕਿ ਪਹਿਲਾਂ ਮੈਂ ਘਰ ਰਹਿ ਕੇ ਬਾਕੀ ਔਰਤਾਂ ਨੂੰ ਬਾਹਰ ਜਾ ਕੇ ਵੋਟ ਪਾਉਣ ਦਿੱਤੀ। ਮੈਂ ਵੋਟਿੰਗ ਤੋਂ ਬਾਅਦ ਇਥੇ ਸ਼ਾਹੀਨ ਬਾਗ ਧਰਨੇ 'ਤੇ ਪਹੁੰਚ ਗਈ ਹਾਂ। ਉਸ ਨੇ ਕਿਹਾ ਕਿ ਉਸ ਨੇ ਲੋਕਤੰਤਰ ਦੇ ਹੱਕ ਵਿੱਚ ਵੋਟ ਪਾਈ ਹੈ।

## ਜੱਜ ਦੀ ਪਤਨੀ ਤੇ ਬੇਟੇ ਦੀ ਹੱਤਿਆ ਦੇ ਦੋਸ਼ੀ ਨੂੰ ਫਾਂਸੀ ਦੀ ਸਜ਼ਾ

ਗੁਰੂਗ੍ਰਾਮ, 9 ਫਰਵਰੀ (ਪੋਸਟ ਬਿਊਰੋ)- ਗੁਰੂਗ੍ਰਾਮ ਅਦਾਲਤ ਨੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਕ੍ਰਿਸ਼ਨਕਾਂਤ ਦੀ ਪਤਨੀ ਅਤੇ ਬੇਟੇ ਦੀ ਹੱਤਿਆ ਦੇ ਦੋਸ਼ੀ ਸੁਰੱਖਿਆ ਮੁਲਾਜ਼ਮ ਮਹੀਪਾਲ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਇਸ ਕੇਸ ਨੂੰ ਦੁਰਲੱਭ ਮਾਮਲਾ ਮੰਨਿਆ ਤੇ ਦੋਸ਼ੀ ਨਾਲ ਕੋਈ ਨਰਮੀ ਨਹੀਂ ਵਰਤੀ। ਦੋ-ਦੋ ਧਾਰਾਵਾਂ 'ਚ ਕ੍ਰਮਵਾਰ ਪੰਜ ਸਾਲ ਦੀ ਕੈਦ ਤੇ 10 ਹਜ਼ਾਰ ਰੁਪਏ ਜੁਰਮਾਨੇ ਤੋਂ ਬਾਅਦ ਤਿੰਨ ਸਾਲ ਦੀ ਸਜ਼ਾ ਤੇ ਪੰਜ ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਹੈ। ਅਦਾਲਤ ਨੇ ਇਸ ਮਾਮਲੇ 'ਚ ਦੋ ਹੋਰ ਦੋਸ਼ੀਆਂ ਨੂੰ ਤਿੰਨ ਤੇ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਸੁਧੀਰ ਪਰਮਾਰ ਦੀ ਅਦਾਲਤ ਨੇ ਕੱਲ੍ਹ ਨੂੰ ਸਿਪਾਹੀ ਮਹੀਪਾਲ ਨੂੰ ਦੋਸ਼ੀ ਕਰਾਰ ਦਿੱਤਾ ਸੀ। ਇਸ ਕੇਸ ਦੀ ਸੁਣਵਾਈ ਦੌਰਾਨ ਕੁੱਲ 64 ਲੋਕਾਂ ਨੇ ਗਵਾਹੀ ਦਿੱਤੀ। ਵਰਨਣ ਯੋਗ ਹੈ ਕਿ 13 ਅਕਤੂਬਰ 2018 ਨੂੰ ਸੈਕਟਰ-49 ਦੀ ਆਰਕੇਡੀਆ ਮਾਰਕੀਟ ਵਿੱਚ ਖ਼ਰੀਦਦਾਰੀ ਕਰਨ ਲਈ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਕ੍ਰਿਸ਼ਨਕਾਂਤ ਦੀ ਪਤਨੀ ਰਿਤੂ ਅਤੇ ਬੇਟਾ ਧਰੁਵ ਜੱਜ ਦੇ ਸੁਰੱਖਿਆ ਗਾਰਡ ਮਹੀਪਾਲ ਨਾਲ ਕਾਰ 'ਚ ਗਏ ਸਨ। ਜਦੋਂ ਉਹ ਖ਼ਰੀਦਦਾਰੀ ਕਰਕੇ ਵਾਪਸ ਆਏ ਤਾਂ ਸੁਰੱਖਿਆ ਗਾਰਡ ਉਨ੍ਹਾਂ ਨੂੰ ਕਾਰ ਕੋਲ ਨਹੀਂ ਮਿਲਿਆ। ਕਾਫ਼ੀ ਦੇਰ ਪਿੱਛੋਂ ਜਦੋਂ ਉਹ ਆਇਆ ਤਾਂ ਮਾਂ-ਬੇਟੇ ਨੇ ਨਾਰਾਜ਼ਗੀ ਜ਼ਹਾਰ ਕੀਤੀ, ਜਿਸ ਤੋਂ ਬਾਅਦ ਮਹੀਪਾਲ ਨੇ ਆਪਣੀ ਸਰਵਿਸ ਰਿਵਾਲਰਵਰ ਨਾਲ ਦੋਵਾਂ ਨੂੰ ਗੋਲੀ ਮਾਰ ਦਿੱਤੀ ਸੀ।

## ਬਿਜਨਿਸ ਮੈਨ ਦੀ ਪਤਨੀ ਨੇ ਮੰਥਲੀ ਗੁਜ਼ਾਰੇ ਲਈ 1.3 ਕਰੋੜ ਮੰਗੇ, ਅਰਜ਼ੀ ਹੋਈ ਰੱਦ

ਮੁੰਬਈ, 9 ਫਰਵਰੀ (ਪੋਸਟ ਬਿਊਰੋ)- ਮੁੰਬਈ ਹਾਈ ਕੋਰਟ ਨੇ ਬਿਜਨਿਸਮੈਨ ਜੈਦੇਵ ਸ਼੍ਰਾਫ ਦੀ ਪਤਨੀ ਪੂਨਮ ਸ਼ੋਰਫ ਦੀ ਉਸ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣੇ ਅਤੇ ਆਪਣੀ ਬੇਟੀ ਦੇ ਲਈ ਮਾਸਿਕ ਗੁਜਾਰਾ ਭਤਾ ਵਧਾਉਣ ਦੀ ਮੰਗ ਕੀਤੀ ਸੀ। ਪੂਨਮ ਨੇ ਕੋਰਟ ਵਿੱਚ ਅਰਜ਼ੀ ਦੇ ਕੇ ਆਪਣੇ ਲਈ 1.3 ਕਰੋੜ ਰੁਪਏ ਅਤੇ ਆਪਣੀ ਬੇਟੀ ਦੇ ਲਈ 30 ਲੱਖ ਰੁਪਏ ਮਾਸਿਕ ਗੁਜਾਰਾ ਭੱਤੇ ਦੀ ਮੰਗ ਕੀਤੀ ਸੀ।

ਇਸ ਤੋਂ ਪਹਿਲਾ ਇੱਕ ਫੈਮਿਲੀ ਕੋਰਟ ਨੇ ਜੈਦੇਵ ਸ਼੍ਰਾਫ ਨੂੰ ਪੂਨਮ ਲਈ ਸੱਤ ਲੱਖ ਰੁਪਏ ਅਤੇ ਉਸ ਦੀ ਬੇਟੀ ਦੇ ਲਈ ਪੰਜ ਲੱਖ ਰੁਪਏ ਮਾਸਿਕ ਭੱਤੇ ਦੇ ਰੂਪ ਵਿੱਚ ਦੇਣ



ਲਈ ਕਿਹਾ ਸੀ। ਪੂਨਮ ਅਤੇ ਜੈਦੇਵ ਨੇ ਆਪਣੇ 11 ਸਾਲ ਦੇ ਵਿਆਹੁਤਾ ਜੀਵਨ ਦੇ ਬਾਅਦ ਤਲਾਕ ਲੈ ਲਿਆ ਸੀ। ਪੂਨਮ ਦੀ ਅਰਜ਼ੀ ਰੱਦ ਕਰਦੇ ਹੋਏ ਜਸਟਿਸ ਅਜੈ ਗਡਕਰੀ ਨੇ ਕਿਹਾ ਕਿ ਇਸ ਮਾਮਲੇ 'ਤੇ ਡਿਟੇਲਡ ਆਰਡਰ ਕੁਝ ਦਿਨਾਂ ਵਿੱਚ ਜਾਰੀ ਕੀਤੇ ਜਾਣਗੇ।

ਕਾਰਵਾਈ ਦੌਰਾਨ ਪੂਨਮ ਸ਼੍ਰਾਫ ਨੇ ਕੋਰਟ ਦੇ ਸਾਹਮਣੇ ਆਪਣੇ ਮਾਸਿਕ ਖਰਚੇ ਦੀ ਲਿਸਟ ਪੇਸ਼ ਕੀਤੀ ਸੀ। ਇਸ ਵਿੱਚ ਉਨ੍ਹਾਂ ਨੇ ਲਗਾਤਾਰ ਪਾਰਟੀਆਂ ਕਰਨ ਲਈ 30-50 ਲੱਖ ਰੁਪਏ, ਨਿੱਜੀ ਸ਼ੋਪਿੰਗ ਲਈ 15 ਲੱਖ ਰੁਪਏ ਤੇ ਇੱਕ ਪ੍ਰਾਈਵੇਟ ਜੈਟ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਇਸ ਦੇ ਲਈ ਯੂ ਪੀ ਐਲ ਵਿੱਚ ਜੈਦੇਵ ਦੀ ਮੋਟੀ ਆਮਦਨ ਦਾ ਹਵਾਲਾ ਦਿੱਤਾ ਸੀ। ਜੈਦੇਵ ਸ਼੍ਰਾਫ ਦੇ ਵਕੀਲਾਂ ਨੇ ਕੋਰਟ ਵਿੱਚ ਦਲੀਲ ਦਿੱਤੀ ਕਿ ਸ਼ੋਰਫ ਵੱਲੋਂ ਪੂਨਮ 'ਤੇ ਕੀਤੇ ਜ਼ਿਆਦਾਤਰ ਖ਼ਰਚ ਉਨ੍ਹਾਂ ਦੀ ਕੰਪਨੀ ਨੇ ਸਹਾਏ ਸੀ ਕਿਉਂਕਿ ਉਹ ਕੰਪਨੀ ਦੇ ਗਲੋਬਲ ਸੀ ਆਈ ਓ ਸੀ। ਇਸੇ ਵਿੱਚ ਮਾਸਿਕ ਗੁਜ਼ਾਰਾ ਭੱਤਾ ਦੇ ਲਈ ਉਨ੍ਹਾਂ ਦੇ ਵਿਅਕਤੀਗਤ ਖ਼ਰਚ ਦਾ ਹਵਾਲਾ ਨਹੀਂ ਦਿੱਤਾ ਜਾ ਸਕਦਾ।

## ਕਾਰ ਖਰੀਦਣ ਦੀ ਖੁਸ਼ੀ 'ਚ ਪੂਰਾ ਪਰਵਾਰ ਸ਼ਮਸ਼ਾਨਘਾਟ ਪਹੁੰਚਿਆ

ਕੋਟਾ, 9 ਫਰਵਰੀ (ਪੋਸਟ ਬਿਊਰੋ)- ਨਵੀਂ ਕਾਰ ਖਰੀਦਣ 'ਤੇ ਸਭ ਤੋਂ ਪਹਿਲਾਂ ਲੋਕ ਮੰਦਰ ਜਾਂ ਗੁਰਦੁਆਰੇ ਜਾਂਦੇ ਹਨ ਪਰ ਰਾਜਸਥਾਨ ਦੇ ਕੋਟਾ ਸ਼ਹਿਰ 'ਚ ਬੀਤੇ ਦਿਨੀਂ ਇੱਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਇਥੇ ਕਾਰ ਖਰੀਦਣ ਦੀ ਖੁਸ਼ੀ 'ਚ ਇੱਕ ਪਰਵਾਰ ਸ਼ਮਸ਼ਨਾਘਾਟ ਪਹੁੰਚ ਗਿਆ, ਜਿੱਥੇ ਸ਼ਰਾਬ ਪੀ ਕੇ ਪਰਵਾਰ ਦੇ ਮਰਦਾਂ ਅਤੇ ਔਰਤਾਂ ਨੇ ਢੋਲ-ਵਾਜਿਆਂ ਨਾਲ ਨੱਚਣਾ-ਗਾਉਣਾ ਸ਼ੁਰੂ ਕਰ ਦਿੱਤਾ।

ਇਸ ਪੂਰੀ ਘਟਨਾ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ, ਜਿਸ ਵਿੱਚ ਸ਼ਰਾਬ ਦੇ ਨਸ਼ੇ ਵਿੱਚ ਸ਼ਮਸ਼ਾਨਘਾਟ 'ਚ ਨੱਚਦੇ ਲੋਕ ਬੇਪ੍ਰਵਾਹ ਹੋ ਕੇ ਦਾਹ ਸੰਸਕਾਰ ਵਾਲੇ ਸਥਾਨ 'ਤੇ ਨੱਚਦੇ ਨਜ਼ਰ ਆ ਰਹੇ ਹਨ। ਪਤਾ ਲੱਗਾ



ਹੈ ਕਿ ਕਾਰ ਖਰੀਦਣ ਪਿੱਛੋਂ ਸ਼ਰਾਬ ਪੀ ਕੇ ਸ਼ਮਸ਼ਾਨਘਾਟ 'ਚ ਨੱਚਣ ਵਾਲੇ ਲੋਕ ਸਾਂਟੀਆ ਜਾਤੀ ਸਮਾਜ ਦੇ ਹਨ। ਸਾਂਟੀਆ ਸਮਾਜ ਦੇ ਜੁਗਲ ਨਾਂ ਦੇ ਵਿਅਕਤੀ ਦੀ ਚਾਰ ਸਾਲ ਪਹਿਲਾਂ ਮੌਤ ਹੋਈ ਤਾਂ ਉਸ ਦਾ ਅੰਤਿਮ ਸੰਸਕਾਰ ਇਸੇ ਸ਼ਮਸ਼ਾਨਘਾਟ 'ਚ ਕੀਤਾ ਗਿਆ ਸੀ। ਜੁਗਲ ਦੇ ਪਰਵਾਰ 'ਚ ਹੀ ਇੱਕ ਔਰਤ ਨੇ ਇਹ ਕਾਰ ਖਰੀਦੀ ਹੈ। ਕਾਰ ਖਰੀਦਣ ਤੋਂ ਬਾਅਦ ਪੂਰੇ ਪਰਵਾਰ ਦੇ ਮੈਂਬਰ ਸ਼ਮਸ਼ਾਨਘਾਟ ਪਹੁੰਚੇ ਸਨ।

# ਟਰੰਪ ਨੇ ਆਪਣੇ ਖਿਲਾਫ ਮਹਾਦੋਸ਼ ਵਿੱਚ ਗਵਾਹੀ ਦੇਣ ਵਾਲੇ ਦੋ ਅਫਸਰ ਹਟਾਏ



ਵਾਸ਼ਿੰਗਟਨ, 9 ਫਰਵਰੀ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮਹਾਦੋਸ਼ ਪ੍ਰਕਿਰਿਆ ਦੌਰਾਨ ਆਪਣੇ ਖਿਲਾਫ ਗਵਾਹੀ ਦੇਣ ਵਾਲੇ ਦੋ ਅਫਸਰਾਂ ਨੂੰ ਹਟਾ ਦਿੱਤਾ ਹੈ। ਦੋਵਾਂ ਨੇ ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ ਦੀ ਕਮੇਟੀ ਅੱਗੇ ਮਹਾਦੋਸ਼ ਲਈ ਟਰੰਪ ਦੇ ਖਿਲਾਫ ਗਵਾਹੀ ਦਿੱਤੀ ਸੀ।

ਵਰਨਣ ਯੋਗ ਹੈ ਕਿ ਤਿੰਨ ਦਿਨ ਪਹਿਲੇ ਹੀ ਅਮਰੀਕੀ ਪਾਰਲੀਮੈਂਟ ਦੇ ਉਤਲੇ ਸਦਨ ਸੈਨੇਟ ਨੇ ਡੋਨਾਲਡ ਟਰੰਪ ਨੂੰ ਮਹਾਦੋਸ਼ ਦੇ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ। ਅਧਿਕਾਰੀਆਂ ਦੇ ਗਵਾਹੀ ਦੇਣ ਤੋਂ ਚਿੜੇ ਟਰੰਪ ਨੇ ਰਾਹਤ ਮਿਲਦੇ ਸਾਰ ਯੂਰਪੀ ਯੂਨੀਅਨ ਵਿੱਚ ਅਮਰੀਕਾ ਦੇ ਰਾਜਪੂਤ ਗੋਰਡਨ ਸੋਂਡਲੈਂਡ ਅਤੇ ਰਾਸ਼ਟਰੀ ਸੁਰੱਖਿਆ ਕੌਂਸਲ (ਐੱਨ ਐੱਸ ਸੀ) ਵਿੱਚ ਯੂਕਰੇਨ ਮਾਮਲਿਆਂ ਦੇ ਮਾਹਿਰ ਲੈਫਟੀਨੈਂਟ ਕਰਨਲ ਅਲੈਗਜੈਂਡਰ ਵਿੰਡਮੈਨ ਨੂੰ ਬਰਖਾਸਤ ਕਰ ਦਿੱਤਾ ਹੈ। ਵਿੰਡਮੈਨ ਅਤੇ ਸੋਂਡਲੈਂਡ ਦੋਵੇਂ ਡੈਮੋਕਰੇਟਸ ਦੇ ਬਹੁਮਤ ਵਾਲੀ ਪ੍ਰਤੀਨਿਧੀ ਸਭਾ ਵਿੱਚ ਮਹਾਦੋਸ਼ ਦੀ ਜਾਂਚ ਦੌਰਾਨ ਮੁੱਖ ਗਵਾਹ ਸਨ। ਇਸ ਤੋਂ ਪਹਿਲਾਂ ਸੋਂਡਲੈਂਡ ਨੇ ਕਿਹਾ ਸੀ ਕਿ ਰਾਸ਼ਟਰਪਤੀ ਟਰੰਪ ਯੂਰਪੀ ਯੂਨੀਅਨ ਵਿੱਚ ਬਤੌਰ ਅਮਰੀਕੀ ਰਾਜਦੂਤ ਮੈਨੂੰ ਵਾਪਸ ਬੁਲਾਉਣਾ ਚਾਹੁੰਦੇ ਹਨ। ਵਿੰਡਮੈਨ ਦੇ ਵਕੀਲ ਨੇ ਕਿਹਾ ਕਿ ਲੈਫਟੀਨੈਂਟ ਕਰਨਲ ਨੂੰ ਸੱਚ ਬੋਲਣ ਲਈ ਅਹੁਦੇ ਤੋਂ ਹਟਾਇਆ ਗਿਆ ਹੈ। ਰਾਸ਼ਟਰਪਤੀ ਟਰੰਪ ਨੇ ਵਿੰਡਮੈਨ ਨੂੰ ਹਟਾਏ ਜਾਣ ਤੋਂ ਕੁਝ ਦੇਰ ਪਹਿਲੇ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਵਿੰਡਮੈਨ ਚਲੇ ਜਾਣ। ਜੇ ਕੋਈ ਇਹ ਸੋਚਦਾ ਹੈ ਕਿ ਮੈਂ ਉਨ੍ਹਾਂ ਤੋਂ ਖੁਸ਼ ਹਾਂ ਤਾਂ ਅਜਿਹਾ ਨਹੀਂ ਹੈ।

ਵ੍ਹਾਈਟ ਹਾਊਸ ਨੇ ਮਹਾਦੋਸ਼ ਮਾਮਲੇ ਨਾਲ ਜੁੜੇ ਇਨ੍ਹਾਂ ਦੋ ਅਧਿਕਾਰੀਆਂ ਦੀ ਬਰਖਾਸਤਗੀ 'ਤੇ ਅਜੇ ਕੋਈ ਟਿੱਪਣੀ ਨਹੀਂ ਕੀਤੀ ਹੈ। ਵ੍ਹਾਈਟ ਹਾਊਸ ਨੇ ਵਿੰਡਮੈਨ ਦੇ ਜੁੜਵਾ ਭਰਾ ਲੈਫਟੀਨੈਂਟ ਕਰਨਲ ਯੇਵਗੇਨੀ ਵਿੰਡਮੈਨ ਨੂੰ ਵੀ ਅਹੁਦੇ ਤੋਂ ਹਟਾ ਦਿੱਤਾ ਹੈ। ਦੋਵੇਂ ਵ੍ਹਾਈਟ ਹਾਊਸ ਦੀ ਰਾਸ਼ਟਰੀ ਸੁਰੱਖਿਆ ਕੌਂਸਲ ਦਾ ਹਿੱਸਾ ਸਨ।

# ਪਾਕਿ 'ਚ ਹਿੰਦੂਆਂ ਉੱਤੇ ਤਸ਼ੱਦਦ ਹੋਣ ਦੀ ਗੱਲ ਅਮਰੀਕਾ ਨੇ ਮੰਨੀ

ਵਾਸ਼ਿੰਗਟਨ, 9 ਫਰਵਰੀ, (ਪੋਸਟ ਬਿਊਰੋ)- ਅਮਰੀਕਾ ਨੇ ਮੰਨਿਆ ਹੈ ਕਿ ਪਾਕਿਸਤਾਨ ਵਿਚ ਹਿੰਦੂਆਂ ਉੱਤੇ ਤਸ਼ੱਦਦ ਹੁੰਦਾ ਹੈ। ਧਾਰਮਿਕ ਪੱਖੋਂ ਘੱਟ ਗਿਣਤੀ ਹੋਣ ਕਾਰਨ ਬਹੁ-ਗਿਣਤੀ ਭਾਈਚਾਰੇ ਦੇ ਅੱਤਵਾਦੀ ਉਸ ਦੇਸ਼ ਵਿੱਚ ਹਿੰਦੂਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਇਹ ਗੱਲ 27 ਦੇਸ਼ਾਂ ਦਾ ਕੌਮਾਂਤਰੀ ਧਾਰਮਿਕ ਆਜ਼ਾਦੀ ਗਠਜੋੜ ਬਣਾਉਣ ਦਾ ਐਲਾਨ ਕਰਦੇ ਹੋਏ ਕਹੀ ਹੈ।




ਵਰਨਣ ਯੋਗ ਹੈ ਕਿ ਇਸ ਬੁੱਧਵਾਰ ਨੂੰ ਬਣਾਇਆ ਗਿਆ ਇਹ ਗਠਜੋੜ ਸਾਰੀ ਦੁਨੀਆ ਦੇ ਦੇਸ਼ਾਂ ਵਿਚ ਧਾਰਮਿਕ ਆਜ਼ਾਦੀ ਦੀ ਰੱਖਿਆ ਕਰਨ ਤੇ ਉਸ ਨੂੰ ਮਜ਼ਬੂਤ ਕਰਨ ਲਈ ਬਣਾਇਆ ਗਿਆ ਹੈ। ਇਸ ਗਠਜੋੜ ਵਿਚਲੇ ਹੋਰ ਪ੍ਰਮੁੱਖ ਦੇਸ਼ਾਂ ਵਿਚ ਆਸਟ੍ਰੇਲੀਆ, ਬ੍ਰਾਜ਼ੀਲ, ਬ੍ਰਿਟੇਨ, ਇਜ਼ਰਾਈਲ, ਯੂਕਰੇਨ, ਨੀਦਰਲੈਂਡਸ ਤੇ ਗ੍ਰੀਸ ਹਨ। ਪੋਂਪੀਓ ਨੇ ਕਿਹਾ, ਹਰ ਵਿਅਕਤੀ ਆਪਣੀ ਧਾਰਮਿਕ ਮਾਨਤਾ ਮੁਤਾਬਕ ਆਪਣਾ ਜੀਵਨ ਬਤੀਤ ਕਰੇ, ਇਹ ਗਠਜੋੜ ਦੀ ਸਰਬ ਉੱਚ ਸੋਚ ਹੈ, ਇਸ ਲਈ ਗਠਜੋੜ ਇਹੋ ਜਿਹੀਆਂ ਕੋਸ਼ਿਸ਼ਾਂ ਕਰੇਗਾ, ਜਿਹੜੀਆਂ ਪਹਿਲਾਂ ਕਦੇ ਨਹੀਂ ਹੋਈਆਂ। ਇਸ ਵਕਤ ਦੁਨੀਆ ਦੇ 80 ਫੀਸਦੀ ਲੋਕ ਆਪਣੀ ਧਾਰਮਿਕ ਮਾਨਤਾ ਦੀ ਪਾਲਣਾ ਨਹੀਂ ਕਰ ਸਕਦੇ। ਪੋਂਪੀਓ ਨੇ ਕਿਹਾ ਕਿ ਅਸੀਂ ਅੱਤਵਾਦੀਆਂ ਦੀ ਨਿੰਦਾ ਕਰਦੇ ਹਾਂ, ਜਿਹੜੇ ਧਾਰਮਿਕ ਘੱਟ ਗਿਣਤੀਆਂ, ਭਾਵੇਂ ਉਹ ਇਰਾਕ ਦੇ ਯੇਜੀਦੀ ਲੋਕ ਹੋਣ, ਪਾਕਿਸਤਾਨ ਵਿਚ ਹਿੰਦੂ ਹੋਣ, ਨਾਈਜੀਰੀਆ ਵਿਚ ਈਸਾਈ ਹੋਣ ਜਾਂ ਮਿਆਂਮਾਰ ਵਿਚ ਮੁਸਲਮਾਨ ਹੋਣ, ਨੂੰ ਨਿਸ਼ਾਨਾ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਰੱਬੀ ਤੌਹੀਨ ਦੇ ਕਾਨੂੰਨ ਤੇ ਧਰਮ ਬਦਲੀ ਵਿਰੋਧੀ ਕਾਨੂੰਨ ਦੀ ਨਿੰਦਾ ਕਰਦੇ ਹਾਂ। ਇਹ ਕਾਨੂੰਨ ਮਨੁੱਖ ਦੀ ਆਤਮਾ ਨਾਲ ਜੁਰਮ ਕਰਦੇ ਹਨ। ਵਰਨਣ ਯੋਗ ਹੈ ਕਿ ਪਾਕਿਸਤਾਨ ਵਿਚ ਰੱਬੀ ਨਿੰਦਾ ਦਾ ਕਾਨੂੰਨ ਹੇਠ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਤਸ਼ੱਦਦ ਦੀਆਂ ਘਟਨਾਵਾਂ ਦਾ ਆਧਾਰ ਬਣਦਾ ਰਹਿੰਦਾ ਹੈ।

## ਨਾਗਰਕਿਤਾ ਸੋਧ ਕਾਨੂੰਨ: ਅਕਾਲੀ ਆਗੂ ਭੂੰਦੜ ਪਾਰਲੀਮੈਂਟ ਵਿੱਚ ਸਰਕਾਰ ਦੀ ਢਾਲ ਬਣੇ

ਨਵੀਂ ਦਿੱਲੀ, 9 ਫਰਵਰੀ, (ਪੋਸਟ ਬਿਊਰੋ)- ਅਕਾਲੀ ਦਲ ਦੇ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਅੱਜ ਕਿਹਾ ਵਿਰੋਧੀ ਧਿਰ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦਾ ਮੁੱਦਾ ਉਠਾ ਰਹੀ ਹੈ, ਜਦੋਂ ਕਿ ਇਸ ਵਕਤ ਇਸ ਦੇਸ਼ ਦੇ ਲੋਕਾਂ ਸਾਹਮਣੇ ਹੋਰ ਵੀ ਬਹੁਤ ਸਾਰੇ ਅਹਿਮ ਮੁੱਦੇ ਹਨ। ਇਸ ਮੌਕੇ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਉੱਤੇ ਝੂਠ ਬੋਲਣ ਦੇ ਦੋਸ਼ ਲਾਉਂਦੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦਿੱਲੀ ਵਿੱਚ 11 ਲੱਖ ਨੌਕਰੀਆਂ ਦੀ ਗੱਲ ਕਰ ਕੇ ਗਏ ਹਨ, ਸਾਨੂੰ ਸਿਰਫ 11 ਹਜ਼ਾਰ ਨੌਕਰੀਆਂ ਹੀ ਦੱਸ ਦੇਣ ਕਿ ਉਨ੍ਹਾਂ ਨੇ ਕਿੱਥੇ ਦਿੱਤੀਆਂ ਹਨ।

ਪਾਰਲੀਮੈਂਟ ਵਿੱਚ ਰਾਸ਼ਟਰਪਤੀ ਦੇ ਭਾਸ਼ਣ ਉੱਤੇ ਜਦੋਂ ਚਰਚਾ ਹੋ ਰਹੀ ਸੀ ਤਾਂ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਇਸ ਬਹਿਸ ਵਿੱਚ ਹਿੱਸਾ ਲੈਂਦੇ ਵਕਤ ਵਿਰੋਧੀ ਧਿਰ ਵੱਲੋਂ ਘੱਟ ਗਿਣਤੀਆਂ ਬਾਰੇ ਜ਼ਾਹਰ ਕੀਤੀ ਜਾ ਰਹੀ ਚਿੰਤਾ ਉੱਤੇ ਟਕੋਰ ਕੀਤੀ। ਉਨ੍ਹਾਂ ਕਿਹਾ ਕਿ ਅੱਜ ਇਹ ਲੋਕ ਘੱਟ ਗਿਣਤੀਆਂ ਨੂੰ ਯਾਦ ਕਰੀ ਜਾ ਰਹੇ ਹਨ, ਪਰ ਇਹ ਲੋਕ ਉਦੋਂ ਕਿੱਥੇ ਸਨ, ਜਦੋਂ 1984 ਵਿੱਚ ਦਿੱਲੀ ਵਿੱਚ ਘੱਟ ਗਿਣਤੀਆਂ ਉੱਤੇ ਜ਼ੁਲਮ ਕੀਤੇ ਜਾ ਰਹੇ ਸਨ।

## ਪਾਕਿ ਵਿੱਚ ਬੱਚਿਆਂ ਨਾਲ ਦਰਿੰਦਗੀ ਕਰਨ ਵਾਲੇ ਸ਼ਰੇਆਮ ਫਾਹੇ ਲਾਏ ਜਾਣਗੇ

ਇਸਲਾਮਾਬਾਦ, 9 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਕੌਮੀ ਅਸੈਂਬਲੀ ਨੇ ਕੱਲ੍ਹ ਬਾਲ ਸ਼ੋਸ਼ਣ ਕਰ ਕੇ ਉਨ੍ਹਾਂ ਦੀ ਹੱਤਿਆ ਕਰਨ ਦੇ ਦੋਸ਼ੀਆਂ ਨੂੰ ਜਨਤਕ ਤੌਰ 'ਤੇ ਫਾਂਸੀ ਦੇਣ ਲਈ ਮਤਾ ਪਾਸ ਕਰ ਦਿੱਤਾ ਹੈ। ਇਹ ਮਤਾ ਖੈਬਰ ਪਖਤੂਨਖਵਾ ਸੂਬੇ ਦੇ ਨੌਸ਼ਹਿਰਾ 'ਚ 2018 ਵਿੱਚ ਇੱਕ ਅੱਠ ਸਾਲਾ ਬੱਚੀ ਦੀ ਬਲਾਤਕਾਰ ਦੇ ਬਾਅਦ ਕਤਲ ਦੇ ਕਾਰਨ ਪੇਸ਼ ਕੀਤਾ ਗਿਆ ਸੀ, ਜਿਹੜਾ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਪਾਰਟੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਐਮ ਪੀਜ਼ ਨੂੰ ਛੱਡ ਕੇ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਪਾਰਟੀ ਪੀ ਪੀ ਪੀ ਦੇ ਆਗੂ ਰਾਜਾ ਪਰਵੇਜ਼ ਅਸ਼ਰਫ ਨੇ ਕਿਹਾ ਕਿ ਜਨਤਕ ਤੌਰ 'ਤੇ ਫਾਂਸੀ ਦੇਣਾ ਯੂ ਐੱਨ ਦੇ ਆਦੇਸ਼ਾਂ ਦੇ ਖ਼ਿਲਾਫ਼ ਹੈ ਤੇ ਇਸ ਤਰ੍ਹਾਂ ਸਜ਼ਾ ਦੇਣ ਨਾਲ ਅਪਰਾਧਾਂ 'ਚ ਕਮੀ ਨਹੀਂ ਹੁੰਦੀ।

ਪਾਰਲੀਮਾਨੀ ਮਾਮਲਿਆਂ ਦੇ ਰਾਜ ਮੰਤਰੀ ਅਲੀ ਮੁਹੰਮਦ ਖ਼ਾਨ ਨੇ ਇਹ ਮਤਾ ਸਦਨ ਵਿੱਚ ਪੇਸ਼ ਕਰਨ ਦੇ ਵਕਤ ਬੱਚਿਆਂ ਦਾ ਸ਼ੋਸ਼ਣ ਕਰਕੇ ਹੱਤਿਆ ਕਰਨ ਨੂੰ ਘਿਨਾਉਣਾ ਜੁਰਮ ਦੱਸਿਆ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਾਲ ਸ਼ੋਸ਼ਣ ਦੇ ਦੋਸ਼ੀਆਂ ਨੂੰ ਜਨਤਕ ਤੌਰ 'ਤੇ ਫਾਂਸੀ ਦਿੱਤੀ ਜਾਏ। ਵੋਟਿੰਗ ਸਮੇਂ ਸਦਨ 'ਚ ਮੌਜੂਦ ਨਾ ਰਹਿਣ ਵਾਲੇ ਦੋ ਮੰਤਰੀਆਂ ਨੇ ਇਸ ਮਤੇ ਦਾ ਵਿਰੋਧ ਕੀਤਾ। ਸਾਇੰਸ ਬਾਰੇ ਮੰਤਰੀ ਫਵਾਦ ਚੌਧਰੀ ਨੇ ਇਸ ਦਾ ਵਿਰੋਧ ਕਰਦਿਆਂ ਟਵੀਟ ਕੀਤਾ ਕਿ ਇਹ ਕਾਰਵਾਈ ਜ਼ਾਲਮਾਨਾ ਹੈ ਤੇ ਸੱਭਿਅਕ ਸਮਾਜ ਵਿੱਚ ਇਸ ਕਾਰਵਾਈ ਨੂੰ ਅੱਤਵਾਦ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਮਨੁੱਖੀ ਅਧਿਕਾਰਾਂ ਬਾਰੇ ਮੰਤਰੀ ਸ਼ਿਰੀਨ ਮਜ਼ਾਰੀ ਨੇ ਵੀ ਇਸ ਦਾ ਵਿਰੋਧ ਕੀਤਾ।

## ਸਾਬਕਾ ਖੁਫੀਆ ਏਜੰਟ ਨੇ ਕਿਹਾ: ਮੈਂ ਕੀਤੀ ਸੀ ਲੇਡੀ ਡਾਇਨਾ ਦੀ ਹੱਤਿਆ



ਲੰਡਨ, 8 ਫਰਵਰੀ (ਪੋਸਟ ਬਿਊਰੋ)- ਇੰਗਲੈਂਡ ਦੀ ਰਾਜਕੁਮਾਰੀ ਡਾਇਨਾ ਅਤੇ ਉਨ੍ਹਾਂ ਦੇ ਦੋਸਤ ਡੋਡੀ ਦੀ ਲੰਡਨ ਤੋਂ ਪੈਰਸ ਜਾਂਦਿਆਂ ਉਨ੍ਹਾਂ ਦੀ ਕਾਲੀ ਕਾਰ ਦੇ ਬੁਰੀ ਤਰ੍ਹਾਂ ਹਾਦਸਾ ਗ੍ਰਸਤ ਹੋਣ ਨਾਲ ਮੌਤ ਹੋ ਗਈ ਸੀ। ਉਸ ਹਾਦਸੇ ਨੂੰ ਹੋਏ ਬਹੁਤ ਸਮਾਂ ਲੰਘ ਗਿਆ। ਉਸ ਸਮੇਂ ਦੇ ਜ਼ਿਆਦਾਤਰ ਉਸ ਸੁੰਦਰ ਰਾਜਕੁਮਾਰੀ ਡਾਇਨਾ ਨੂੰ ਭੁੱਲ ਚੁੱਕੇ ਹਨ ਪਰ ਬ੍ਰਿਟੇਨ ਦੀ ਖੁਫੀਆ ਏਜੰਸੀ ਐਮ ਆਈ-5 ਦੇ ਇੱਕ ਰਿਟਾਇਰ ਏਜੰਟ ਨੇ ਇਹ ਦਾਅਵਾ ਕਰ ਕੇ ਸਨਸਨੀ ਫੈਲਾ ਦਿੱਤੀ ਹੈ ਕਿ ਡਾਇਨਾ ਦੀ ਹੱਤਿਆ ਉਸ ਨੇ ਕੀਤੀ ਸੀ ਕਿਉਂਕਿ ਉਹ ਰਾਜ ਘਰਾਣੇ ਦੇ ਭੇਦ ਜਾਣ ਗਈ ਸੀ।

ਲੇਡੀ ਡਾਇਨਾ ਨੂੰ ਆਪਣੇ ਹੱਥੀਂ ਮਾਰਨ ਦਾ ਦਾਅਵਾ ਕਰਨ ਵਾਲੇ ਖੁਫੀਆ ਏਜੰਸੀ ਦੇ ਇਸ ਸਾਬਕਾ ਅਧਿਕਾਰੀ ਦਾ ਨਾਂ ਜਾਨ ਹਾਪਕਿਨਸ ਹੈ। ਉਹ ਇਨ੍ਹੀਂ ਦਿਨੀਂ ਬੇਹੱਦ ਬੀਮਾਰ ਹੈ ਅਤੇ ਡਾਕਟਰਾਂ ਨੇ ਉਨ੍ਹਾਂ ਨੂੰ ਕੁਝ ਦਿਨਾਂ ਦਾ ਮਹਿਮਾਨ ਦੱਸਿਆ ਹੈ। 31 ਅਗਸਤ 1997 ਨੂੰ ਡਾਇਨਾ ਦੀ ਮੌਤ ਲਈ ਪਾਪਾਰਾਜੀ ਨੂੰ ਜ਼ਿੰਮੇਵਾਰ ਕਿਹਾ ਗਿਆ ਸੀ। ਪਾਪਾਰਾਜੀ ਅਜਿਹੇ ਫੋਟੋਗ੍ਰਾਫਰ ਹੁੰਦੇ ਸਨ, ਜੋ ਆਪਣੀ ਬਾਈਕ 'ਤੇ ਬਿਨਾਂ ਕੋਈ ਲਿਹਾਜ਼ ਕੀਤੇ ਸੈਲੀਬ੍ਰਿਟੀਜ਼ ਦਾ ਪਿੱਛਾ ਕਰਕੇ ਉਨ੍ਹਾਂ ਦੀ ਫੋਟੋ ਖਿੱਚਦੇ ਸਨ। ਉਸ ਸਮੇਂ ਕਿਹਾ ਗਿਆ ਸੀ ਕਿ ਪਿੱਛਾ ਕਰ ਰਹੇ ਪਾਪਾਰਾਜੀ ਤੋਂ ਘਬਰਾ ਕੇ ਡਾਇਨਾ-ਡੋਡੀ ਨੇ ਕਾਰ ਤੇਜ਼ੀ ਨਾਲ ਭਜਾਈ, ਜੋ ਬੇਕਾਬੂ ਹੋ ਕੇ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਹਾਦਸੇ 'ਚ ਦੋਵਾਂ ਦੀ ਮੌਤ ਹੋ ਗਈ ਸੀ।

## ਮਲਾਲਾ ਯੂਸਫਜ਼ਈ ਨੂੰ ਗੋਲ਼ੀ ਮਾਰਨ ਵਾਲਾ ਅੱਤਵਾਦੀ ਜੇਲ੍ਹੋਂ ਭੱਜ ਕੇ ਤੁਰਕੀ ਜਾ ਪੁੱਜਾ



ਇਸਤਾਂਬੁਲ, 9 ਫਰਵਰੀ, (ਪੋਸਟ ਬਿਊਰੋ)- ਨੋਬਲ ਐਵਾਰਡ ਜੇਤੂ ਮਲਾਲਾ ਯੂਸਫਜ਼ਈ ਨੂੰ ਬਚਪਨ ਵਿੱਚ ਸਕੂਲ ਜਾਣ ਤੋਂ ਰੋਕਣ ਲਈ ਗੋਲ਼ੀ ਮਾਰ ਕੇ ਗੰਭੀਰ ਜ਼ਖ਼ਮੀ ਕਰਨ ਵਾਲਾ ਅੱਤਵਾਦੀ ਅਤੇ ਪਾਕਿਸਤਾਨ ਤਾਲਿਬਾਨ ਦਾ ਸਾਬਕਾ ਬੁਲਾਰਾ ਅਹਿਸਾਨਉੱਲਾ ਅਹਿਸਾਨ ਪਾਕਿਸਤਾਨ ਦੀ ਜੇਲ੍ਹ ਤੋਂ ਭੱਜ ਕੇ ਤੁਰਕੀ ਜਾ ਪੁੱਜਾ ਹੈ। ਉਸ ਨੇ ਆਡੀਓ ਟੇਪ ਰਾਹੀਂ ਖ਼ੁਦ ਇਹ ਜਾਣਕਾਰੀ ਦਿੱਤੀ ਹੈ ਕਿ ਉਹ ਆਪਣੇ ਪਰਿਵਾਰ ਸਮੇਤ ਤੁਰਕੀ ਵਿਚ ਹੈ।

ਵਰਨਣ ਯੋਗ ਹੈ ਕਿ ਅਹਿਸਾਨਉੱਲਾ 11 ਜਨਵਰੀ ਨੂੰ ਪਾਕਿਸਤਾਨ ਦੀ ਜੇਲ੍ਹ ਤੋਂ ਫ਼ਰਾਰ ਹੋ ਗਿਆ ਸੀ। ਉਹ ਸਾਲ 2014 ਵਿੱਚ ਪਿਸ਼ਾਵਰ ਦੇ ਮਿਲਟਰੀ ਸਕੂਲ ਉੱਤੇ ਹੋਏ ਉਸ ਹਮਲੇ ਦਾ ਵੀ ਦੋਸ਼ੀ ਹੈ, ਜਿਸ ਵਿੱਚ 132 ਵਿਦਿਆਰਥੀਆਂ ਸਣੇ 150 ਲੋਕ ਮਾਰੇ ਗਏ ਸਨ। ਅਹਿਸਾਨ ਦੇ ਜੇਲ੍ਹ ਤੋਂ ਭੱਜਣ ਦੀ ਖ਼ਬਰ ਪਿੱਛੋਂ ਪਾਕਿ-ਸਤਾਨ ਦੇ ਰਾਜਨੀਤਕ ਖੇਤਰ ਵਿਚ ਵੀ ਕਾਫੀ ਹਲਚਲ ਮੱਚ ਗਈ ਹੈ। ਵਿਰੋਧੀ ਪਾਰਟੀਆਂ ਨੇ ਸਰਕਾਰ ਉੱਤੇ ਅਯੋਗ ਹੋਣ ਦਾ ਦੋਸ਼ ਲਾਇਆ ਤੇ ਵਿਰੋਧੀ ਧਿਰ ਦੇ ਨੇਤਾ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਗੂ ਫਰਹਤੁੱਲਾ ਬਾਬਰ ਨੇ ਪਾਕਿਸਤਾਨ ਸਰਕਾਰ ਦੀ ਖਿਚਾਈ ਕਰਦੇ ਹੋਏ ਤਾਲਿਬਾਨੀ ਅੱਤਵਾਦੀ ਦੇ ਭੱਜਣ ਦੀ ਘਟਨਾ ਦਾ ਸਪੱਸ਼ਟੀਕਰਨ ਮੰਗਿਆ ਹੈ।

ਦੂਸਰੇ ਪਾਸੇ ਜਾਣਕਾਰਾਂ ਦਾ ਕਹਿਣਾ ਹੈ ਕਿ ਅਹਿਸਾਨਉੱਲਾ ਪਾਕਿਸਤਾਨੀ ਫ਼ੌਜ ਦੇ ਅਫਸਰਾਂ ਦੀ ਨਿਗਰਾਨੀ ਵਿਚ ਜੇਲ੍ਹ (ਸੇਫ ਹਾਊਸ) ਵਿਚ ਸੀ। ਜੇ ਉਹ ਜੇਲ੍ਹ ਤੋਂ ਭੱਜਿਆ ਹੈ ਤਾਂ ਯਕੀਨੀ ਤੌਰ ਉੱਤੇ ਇਸ ਦੇ ਪਿੱਛੇ ਫ਼ੌਜ ਦੇ ਅਫਸਰਾਂ ਦਾ ਹੱਥ ਹੋਵੇਗਾ, ਜਿਹੜੇ ਅੱਤਵਾਦੀਆਂ ਦੇ ਇੱਕ ਧੜੇ ਦੀ ਮਦਦ ਕਰਦੇ ਰਹਿੰਦੇ ਹਨ।

## ਪਾਕਿ ਅਦਾਲਤ ਨੇ ਈਸਾਈ ਕੁੜੀ ਨਾਲ ਜ਼ਬਰਦਸਤੀ ਵਿਆਹ ਨੂੰ ਜਾਇਜ਼ ਦੱਸਿਆ

ਕਰਾਚੀ, 9 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਇੱਕ ਅਦਾਲਤ ਨੇ 14 ਸਾਲ ਦੀ ਈਸਾਈ ਕੁੜੀ ਅਤੇ ਉਸ ਨੂੰ ਅਗਵਾ ਕਰਨ ਵਾਲੇ ਵਿਅਕਤੀ ਦੇ ਵਿਆਹ ਨੂੰ ਕਾਨੂੰਨੀ ਮੰਨਦੇ ਹੋਏ ਕਿ ਸ਼ਰੀਆ ਕਾਨੂੰਨ ਮੁਤਾਬਕ ਜੇ ਕੁੜੀ ਨੂੰ ਪੀਰੀਅਡ ਸ਼ੁਰੂ ਹੋ ਜਾਣ ਤਾਂ ਘੱਟ ਉਮਰ ਦੀ ਕੁੜੀ ਨਾਲ ਵਿਆਹ ਕਰਾਉਣਾ ਜਾਇਜ਼ ਹੈ।



ਵਰਨਣ ਯੋਗ ਹੈ ਕਿ ਇਸ ਕੁੜੀ ਨੂੰ ਅਗਵਾ ਕਰਨ ਮਗਰੋਂ ਜ਼ਬਰਦਸਤੀ ਇਸਲਾਮ ਕਬੂਲ ਕਰਾਇਆ ਗਿਆ ਅਤੇ ਅਗਵਾ ਕਰਤਾ ਨੇ ਉਸ ਨੂੰ ਆਪਣੇ ਨਾਲ ਵਿਆਹ ਕਰਨ ਲਈ ਮਜਬੂਰ ਕੀਤਾ ਸੀ। ਇਸ ਦੇ ਬਾਅਦ ਪੀੜਤਾ ਦੇ ਮਾਂ-ਬਾਪ ਨੇ ਕਿਹਾ ਕਿ ਉਹ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਦਾ ਰੁਖ਼ ਕਰਨਗੇ। ਹੇਠਲੀ ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਸ਼ਰੀਆ ਕਾਨੂੰਨ ਤਹਿਤ ਘੱਟ ਉਮਰ ਦੀ ਕੁੜੀ ਨਾਲ ਵਿਆਹ ਕਾਨੂੰਨੀ ਹੈ ਕਿਉਂਕਿ ਉਹ ਜਵਾਨ ਹੋ ਚੁੱਕੀ ਹੈ। ਪੀੜਤਾ ਦੇ ਪਿਤਾ ਯੂਨਿਸ ਅਤੇ ਮਾਂ ਨਗੀਨਾ ਮਸੀਹ ਮੁਤਾਬਕ ਪਿਛਲੇ ਸਾਲ ਅਕਤੂਬਰ 'ਚ ਹੁਮਾ ਨੂੰ ਜਦ ਅਗਵਾ ਕੀਤਾ ਗਿਆ ਸੀ, ਤਦ ਉਹ 14 ਸਾਲ ਦੀ ਸੀ ਅਤੇ ਉਸ ਨੂੰ ਅਗਵਾ ਕਰਨ ਵਾਲੇ ਅਬਦੁਲ ਜੱਬਾਰ ਨੇ ਉਸ ਨੂੰ ਇਸਲਾਮ ਕਬੂਲ ਕਰਵਾ ਕੇ ਵਿਆਹ ਕਰਨ ਲਈ ਮਜਬੂਰ ਕੀਤਾ ਸੀ। ਉਨ੍ਹਾਂ ਦੇ ਵਕੀਲ ਤਬੱਸੁਮ ਯੂਸਫ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਉਹ ਉੱਚ ਅਦਾਲਤ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਗੇ। ਸਿੰਧ ਸੂਬੇ ਦੀ ਇੱਕ ਅਦਾਲਤ ਨੇ ਹੁਮਾ ਦੀ ਘੱਟ ਉਮਰ ਨੂੰ ਜਾਣਦੇ ਹੋਏ ਵੀ ਉਸ ਦੇ ਅਗਵਾਕਾਰ ਜੱਬਾਰ ਅਤੇ ਉਸ ਨਾਲ ਵਿਆਹ ਨੂੰ ਲੈ ਕੇ ਇਹ ਕਹਿ ਕੇ ਕਾਨੂੰਨੀ ਠਹਿਰਾਇਆ ਕਿ ਉਹ ਜਵਾਨ ਹੋ ਚੁੱਕੀ ਹੈ।

## ਸ਼ਮੀਮਾ ਦੀ ਅਪੀਲ ਯੂ ਕੇ ਵੱਲੋਂ ਰੱਦ

ਲੰਡਨ, 9 ਫਰਵਰੀ (ਪੋਸਟ ਬਿਊਰੋ)- ਲੰਡਨ ਵਿੱਚ ਪੈਦਾ ਹੋਈ ਤੇ ਇਸਲਾਮਕ ਸਟੇਟ ਅੱਤਵਾਦੀਆਂ ਵਿੱਚ ਸ਼ਾਮਲ ਆਈ ਐੱਸ ਅੱਤਵਾਦੀ ਦੀ ਪਤਨੀ ਸ਼ਮੀਮਾ ਬੇਗਮ ਦੀ ਯੂ ਕੇ ਨਾਗਰਿਕਤਾ ਦੀ ਅਪੀਲ ਰੱਦ ਕਰ ਦਿੱਤੀ ਗਈ ਹੈ। ਉਸ ਨੇ ਆਪਣੀ ਨਾਗਰਿਕਤਾ ਬਹਾਲ ਕਰਨ ਲਈ ਅਪੀਲ ਕੀਤੀ ਸੀ।



ਸਾਲ 2015 ਵਿੱਚ ਜਦੋਂ ਸ਼ਮੀਮਾ ਦੀ ਉਮਰ 15 ਸਾਲ ਸੀ, ਉਹ ਪੂਰਬੀ ਲੰਡਨ ਵਿਚਲੇ ਆਪਣੇ ਘਰ ਤੋਂ ਚੁੱਪ ਚੁਪੀਤੇ ਅੱਤਵਾਦੀ ਜਮਾਤ ਆਈ ਐੱਸ ਵਿੱਚ ਸ਼ਾਮਲ ਹੋਣ ਸੀਰੀਆ ਪੁੱਜ ਗਈ ਸੀ। ਇਸ ਸਮੇਂ ਉਹ ਉੱਤਰੀ ਸੀਰੀਆ ਦੇ ਕੁਰਦਿਸ ਫੌਜਾਂ ਦੇ ਕੈਂਪ ਵਿੱਚ ਰਹਿ ਰਹੀ ਹੈ। ਸਪੈਸ਼ਲ ਬ੍ਰਿਟਿਸ਼ ਇਮੀਗਰੇਸ਼ਨ ਟ੍ਰਿਬਿਊਨਲ ਨੇ ਸ਼ੁੱਕਰਵਾਰ ਨੂੰ ਸ਼ਮੀਮਾ ਦੀ ਅਪੀਲ ਰੱਦ ਕਰਦਿਆਂ ਕਿਹਾ ਕਿ ਉਹ ਬ੍ਰਿਟਿਸ਼ ਨਾਗਰਿਕ ਨਹੀਂ ਤੇ ਬੰਗਲਾ ਦੇਸ਼ ਦੀ ਸ਼ਹਿਰੀ ਹੈ। ਇਸ ਦੌਰਾਨ ਸ਼ਮੀਮਾ ਦੇ ਵਕੀਲ ਡੈਨੀਅਲ ਫਰਨਰ ਨੇ ਕਿਹਾ ਕਿ ਉਹ ਅਦਾਲਤ ਵਿੱਚ ਇਸ ਦੇ ਖਿਲਾਫ ਅਪੀਲ ਕਰਨਗੇ।

ਸ਼ਮੀਮਾ ਨੂੰ ਪਿਛਲੇ ਸਾਲ ਫਰਵਰੀ ਵਿੱਚ ਦ ਟਾਈਮਜ਼ ਅਖਬਾਰ ਦੇ ਪੱਤਰਕਾਰ ਨੇ ਕੈਂਪ ਵਿੱਚ ਵੇਖਿਆ ਸੀ, ਜਦੋਂ ਉਹ ਤੀਜੇ ਬੱਚੇ ਲਈ ਨੌਂ ਮਹੀਨੇ ਤੋਂ ਗਰਭਵਤੀ ਸੀ। ਬ੍ਰਿਟੇਨ ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਇਸ ਬਾਰੇ ਕਿਹਾ ਹੈ ਕਿ ਅਸੀਂ ਆਈ ਐੱਸ ਵਰਗੀ ਖਤਰਨਾਕ ਅੱਤਵਾਦੀ ਜਮਾਤ ਨਾਲ ਰਹਿ ਚੁੱਕੀ ਔਰਤ ਨੂੰ ਆਪਣੇ ਦੇਸ਼ ਆਉਣ ਦੀ ਇਜਾਜ਼ਤ ਨਹੀਂ ਦੇ ਸਕਦੇ ਕਿਉਂਕਿ ਇਸ ਨਾਲ ਦੂਜਿਆਂ ਦੀ ਜ਼ਿੰਦਗੀ ਨੂੰ ਖਤਰਾ ਹੋ ਸਕਦਾ ਹੈ। ਸ਼ਮੀਮਾ ਨੇ ਫਰਵਰੀ 2015 ਵਿੱਚ ਬ੍ਰਿਟੇਨ ਛੱਡਿਆ ਸੀ ਤੇ ਤਿੰਨ ਸਾਲ ਤੋਂ ਵੱਧ ਸਮੇਂ ਤੱਕ ਆਈ ਐੱਸ ਵਾਲੇ ਇਲਾਕੇ ਵਿੱਚ ਰਹੀ ਹੈ। ਉਸ ਨੇ ਸੀਰੀਆ ਪੁੱਜ ਕੇ ਡੱਚ ਮੂਲ ਦੇ ਆਈ ਐੱਸ ਅੱਤਵਾਦੀ ਨਾਲ ਨਿਕਾਹ ਕੀਤਾ ਸੀ ਜੋ ਬਾਅਦ ਵਿੱਚ ਮੁਕਾਬਲੇ ਵਿੱਚ ਮਾਰਿਆ ਗਿਆ।

## ਪਲਾਸਟਿਕ ਦੀਆਂ ਬੋਤਲਾਂ ਨਾਲ ਅਸਾਮ ਵਿੱਚ ਆਂਗਣਵਾੜੀ ਕੇਂਦਰ ਬਣੇਗਾ

ਹੈਲਾਕਾਂਡੀ (ਅਸਾਮ), 9 ਫਰਵਰੀ (ਪੋਸਟ ਬਿਊਰੋ)- ਅਸਾਮ ਦੇ ਹੈਲਾਕਾਂਡੀ ਜ਼ਿਲੇ ਵਿੱਚ ਇੱਕ ਆਂਗਣਵਾੜੀ ਕੇਂਦਰ ਦੀ ਉਸਾਰੀ ਜੈਵਿਕ ਰੂਪ ਤੋਂ ਸਪੱਸ਼ਟ ਨਾ ਹੋਣ ਵਾਲੇ ਕੂੜੇ ਅਤੇ ਮਿੱਟੀ ਨਾਲ ਭਰੀਆਂ ਹੋਈਆਂ ਪਲਾਸਟਿਕ ਦੀਆਂ ਬੋਤਲਾਂ ਨਾਲ ਕੀਤੀ ਜਾਏਗੀ, ਜਿਹੜੀ ਆਪਣੇ ਆਪ ਵਿੱਚ ਪਹਿਲੀ ਕੋਸ਼ਿਸ਼ ਹੈ।

ਡਿਪਟੀ ਕਮਿਸ਼ਨਰ ਆਰ ਕੇ ਦਾਮ ਨੇ ਦੱਸਿਆ ਕਿ ਸਿੰਘਲਾ ਇਲਾਕੇ ਦੇ ਲਾਲਾ ਬਲਾਕ ਵਿੱਚ 3.46 ਲੱਖ ਰੁਪਏ ਦੀ ਲਾਗਤ ਨਾਲ ਆਂਗਣਵਾੜੀ ਕੇਂਦਰ ਬਣਾਇਆ ਜਾਏਗਾ। ਉਨ੍ਹਾਂ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਦੇ ਇਲਾਵਾ ਯੂ ਐੱਨ ਡੀ ਪੀ ਸੂਬਾਈ ਸਿਖਿਆ, ਸਮਾਜਕ ਭਲਾਈ ਅਤੇ ਪੀ ਡਬਲਯੂ ਡੀ ਵਿਭਾਗ ਵੀ ਇਸ ਯੋਜਨਾ ਦਾ ਹਿੱਸਾ ਹਨ। ਅਧਿਕਾਰੀ ਨੇ ਕਿਹਾ ਕਿ ਕੂੜੇ ਨਾਲ ਭਰੀਆਂ ਬੋਤਲਾਂ ਨੂੰ ਜੋੜਨ ਦੇ ਲਈ ਤਰਲ ਸੀਮੈਂਟ ਦਾ ਇਸਤੇਮਾਲ ਕੀਤਾ ਜਾਏਗਾ। ਇਨ੍ਹਾਂ ਜੈਵਿਕ ਇੱਟਾਂ (ਕੂੜੇ ਦੀਆਂ ਬੋਤਲਾਂ) ਵਿੱਚ ਛੇਕ ਕਰਕੇ ਕਮਰੇ ਨੂੰ ਭੂਚਾਲ ਰੋਕੂ ਬਣਾਇਆ ਜਾਏਗਾ। ਪਲਾਸਟਿਕ ਬੋਰਜਨ ਮੁਹਿੰਮ ਦੇ ਤਹਿਤ ਜ਼ਿਲਾ ਪ੍ਰਸ਼ਾਸਨ ਨੇ ਸ਼ੁੱਕਰਵਾਰ ਇੱਕ ਵਰਕਸ਼ਾਪ ਅਤੇ ਰੈਲੀ ਵੀ ਕੀਤੀ ਸੀ ਜਿਸ ਤੋਂ ਪਲਾਸਟਿਕ ਦੀਆਂ ਬੋਤਲਾਂ ਨੂੰ ਈਕੋਬ੍ਰਿਕ ਵਿੱਚ ਪਰਿਵਰਤਿਤ ਕਰਨ ਦੇ ਬਾਰੇ ਵਿੱਚ ਜਾਗਰੂਕਤਾ ਪੈਦਾ ਕੀਤੀ ਜਾ ਸਕੇ।

## ਮੌਲਾਨਾ ਅਜ਼ੀਜ਼ ਨੇ ਲਾਲ ਮਸਜਿਦ ਉੱਤੇ ਜਾ ਕਬਜ਼ਾ ਕਰ ਲਿਆ

